Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to $90,000 in government bonds & grants.
Contact : 647-951-7900
SUKHWINDER NAHAL CFP, CLU
Financial Planner
www.fairadvicefinancial.com
7900 Hurontario St., Suite 308, Brampton, ON, L6Y 0P6

ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

JOSHI LAW OFFICE
Barrister, Solicitor & Notary Public
Immigration
Real Estate
Commercial Law
Affidavit
Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

To view our online newspaper visit punjabipost.ca/epaper | Vol 21* Issue 137 | Wednesday, July 13, 2022 | Tel: 905-793-2202 | Fax: 905-793-2282 | news@punjabipost.ca | ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ

## ਯੂਨੀਫੌਰ ਨਾਲ ਡੀਲ ਸਿਰੇ ਚੜ੍ਹਨ ਉੱਤੇ ਵਾਇਆ ਰੇਲ ਦੀ ਹੜਤਾਲ ਟਲੀ




ਓਟਵਾ, 12 ਜੁਲਾਈ (ਪੋਸਟ ਬਿਊਰੋ) : ਵਾਇਆ ਰੇਲ, ਯੂਨੀਫੌਰ ਕਾਊਂਸਲ 4000 ਤੇ ਲੋਕਲ 100 ਵੱਲੋਂ ਡੈੱਡਲਾਈਨ ਮੁੱਕਣ ਤੋਂ ਠੀਕ ਪਹਿਲਾਂ ਡੀਲ ਸਿਰੇ ਚੜ੍ਹਨ ਦਾ ਐਲਾਨ ਕੀਤਾ ਗਿਆ। ਜੇ ਇਹ ਡੀਲ ਸਿਰੇ ਨਾ ਚੜ੍ਹਦੀ ਤਾਂ 2,400 ਵਰਕਰਜ਼ ਹੜਤਾਲ ਉੱਤੇ ਜਾ ਸਕਦੇ ਸਨ।

ਵਾਇਆ ਰੇਲ ਵੱਲੋਂ ਦੇਰ ਰਾਤ ਜਾਰੀ ਕੀਤੇ ਬਿਆਨ ਅਨੁਸਾਰ ਸਿਰੇ ਚੜ੍ਹੀ ਡੀਲ ਪਹਿਲੀ ਜਨਵਰੀ 2022 ਤੋਂ ਲਾਗੂ ਹੋਵੇਗੀ ਤੇ 31 ਦਸੰਬਰ, 2024 ਤੱਕ ਪ੍ਰਭਾਵੀ ਰਹੇਗੀ। ਇਸ ਡੀਲ ਦੀ ਪੁਸ਼ਟੀ ਅਜੇ ਯੂਨੀਅਨ ਵੱਲੋਂ ਕੀਤੀ ਜਾਣੀ ਬਾਕੀ ਹੈ। ਸੀਈਓ ਮਾਰਟਿਨ ਆਰ ਲੈਂਡਰੀ ਅਨੁਸਾਰ ਵਾਇਆ ਰੇਲ ਨੂੰ ਇਸ ਗੱਲ ਦੀ ਖੁਸ਼ੀ ਹੈ ਕਿ ਇਸ ਡੀਲ ਸਬੰਧੀ ਗੱਲਬਾਤ ਸ਼ੁਰੂ ਹੋਈ ਤੇ ਇਸ ਪ੍ਰਕਿਰਿਆ ਦੌਰਾਨ ਦੋਵਾਂ ਧਿਰਾਂ ਵੱਲੋਂ ਕੀਤੀ ਗਈ ਮਿਹਨਤ ਉੱਤੇ ਉਨ੍ਹਾਂ ਖੁਸ਼ੀ ਪ੍ਰਗਟਾਈ।

ਉਨ੍ਹਾਂ ਆਖਿਆ ਕਿ ਇਸ ਡੀਲ ਦੀ ਪੁਸ਼ਟੀ ਹੋਣ ਤੱਕ ਅਸੀਂ ਇੱਕ ਵਾਰੀ ਫਿਰ ਆਪਣੇ ਕੰਮ ਵਿੱਚ ਜੁਟ ਸਕਾਂਗੇ। ਅਜੇ ਤੱਕ ਨਵੇਂ ਸਮਝੌਤੇ ਸਬੰਧੀ ਵੇਰਵੇ ਜਾਰੀ ਨਹੀਂ ਕੀਤੇ ਗਏ ਹਨ।

## ਆਪਣੇ ਗਾਹਕਾਂ ਨੂੰ 5 ਦਿਨਾਂ ਦੀ ਸਰਵਿਸ ਬਦਲੇ ਕ੍ਰੈਡਿਟ ਦੇਵੇਗੀ ਰੌਜਰਜ਼

ਓਟਵਾ, 12 ਜੁਲਾਈ (ਪੋਸਟ ਬਿਊਰੋ) : ਰੌਜਰਜ਼ ਕਮਿਊਨਿਕੇਸ਼ਨਜ਼ ਇਨਕਾਰਪੋਰੇਸ਼ਨ ਦਾ ਕਹਿਣਾ ਹੈ ਕਿ ਸ਼ੁੱਕਰਵਾਰ ਨੂੰ ਕੈਨੇਡਾ ਭਰ ਵਿੱਚ ਸਰਵਿਸ ਵਿੱਚ ਪਏ ਵਿਘਣ ਮਗਰੋਂ ਆਪਣੇ ਗਾਹਕਾਂ ਨੂੰ ਪੰਜ ਦਿਨ ਦੀ ਸਰਵਿਸ ਬਦਲੇ ਕ੍ਰੈਡਿਟ ਦੇਣਗੇ।

ਨੈੱਟਵਰਕ ਵਿੱਚ ਹੋਈ ਇਸ ਗੜਬੜੀ ਕਰਕੇ ਰੌਜਰਜ਼ ਦੇ ਕਸਟਮਰਜ਼ ਤੇ ਕਾਰੋਬਾਰੀ ਭਾਈਵਾਲਾਂ ਨੂੰ ਬਿਨਾਂ ਇੰਟਰਨੈੱਟ ਤੇ ਮੋਬਾਈਲ ਸੇਵਾ ਦੇ ਰਹਿਣਾ ਪਿਆ। ਇਸ ਗੜਬੜੀ ਕਰਕੇ ਲੋਕਾਂ ਨੂੰ 911 ਤੇ ਡੈਬਿਟ ਟਰਾਂਸੈਕਸ਼ਨਜ਼ ਵਿੱਚ ਵੀ ਕਈ ਤਰ੍ਹਾਂ ਦੀਆਂ ਦਿੱਕਤਾਂ ਆਈਆਂ। ਰੌਜਰਜ਼ ਦੇ ਪ੍ਰੈਜ਼ੀਡੈਂਟ ਤੇ ਸੀਈਓ ਟੋਨੀ ਸਟੈਫਿਏਰੀ ਨੇ ਵੀਕੈਂਡ




ਉੱਤੇ ਆਪਣੇ ਗਾਹਕਾਂ ਨੂੰ ਖੁੱਲ੍ਹਾ ਪੱਤਰ ਲਿਖ ਕੇ ਉਨ੍ਹਾਂ ਤੋਂ ਮੁਆਫੀ ਮੰਗੀ।

ਇੱਕ ਬਿਆਨ ਵਿੱਚ ਰੌਜਰਜ਼ ਦੇ ਬੁਲਾਰੇ ਕਲੋਏ ਲੁਸੀਆਨੀ ਗਿਰਾਰਡ ਨੇ ਆਖਿਆ ਕਿ ਜਿਹੜੀ ਗੜਬੜੀ ਹੋਈ ਹੈ ਉਸ ਬਾਰੇ ਕੈਨੇਡਾ ਭਰ ਤੋਂ ਸਾਡੇ ਕੋਲ ਸ਼ਿਕਾਇਤਾਂ ਆਈਆਂ। ਸਾਨੂੰ ਪਤਾ ਹੈ ਕਿ ਸਾਨੂੰ ਆਪਣੇ ਗਾਹਕਾਂ ਦਾ ਵਿਸ਼ਵਾਸ ਇੱਕ ਵਾਰੀ ਫਿਰ ਜਿੱਤਣਾ ਹੋਵੇਗਾ। ਇਸ ਲਈ ਪਹਿਲਾ ਕਦਮ ਚੁੱਕਦਿਆਂ ਹੋਇਆਂ ਅਸੀਂ ਆਪਣੇ ਗਾਹਕਾਂ ਨੂੰ ਪੰਜ ਦਿਨ ਦੀ ਸਰਵਿਸ ਬਦਲੇ ਕ੍ਰੈਡਿਟ ਦੇਵਾਂਗੇ। ਕੈਨੇਡੀਅਨਾਂ ਦਾ ਆਪਣੇ ਵਿੱਚ ਭਰੋਸਾ ਮੁੜ ਹਾਸਲ ਕਰਨ ਵਿੱਚ ਅਸੀਂ ਦਿਨ ਰਾਤ ਇੱਕ ਕਰਕੇ ਕੰਮ ਕਰਾਂਗੇ ਤੇ ਕੋਈ ਕਸਰ ਨਹੀਂ ਛੱਡਾਂਗੇ।

## ਕੈਨੇਡਾ ਵਿੱਚ ਪਾਇਆ ਗਿਆ ਓਮਾਈਕ੍ਰੌਨ ਦਾ ਨਵਾਂ ਸਬਵੇਰੀਐਂਟ ਬੀਏ.2.75

ਓਟਵਾ, 12 ਜੁਲਾਈ (ਪੋਸਟ ਬਿਊਰੋ) : ਭਾਰਤ ਵਿੱਚ ਇੱਕ ਵਾਰੀ ਫਿਰ ਇਨਫੈਕਸ਼ਨ ਫੈਲਾ ਰਿਹਾ ਓਮਾਈਕ੍ਰੌਨ ਦਾ ਨਵਾਂ ਸਬਵੇਰੀਐਂਟ ਬੀਏ.2.75 ਕੈਨੇਡਾ ਵਿੱਚ ਵੀ ਮਿਲਿਆ ਹੈ।

ਕਰੋਨਾਵਾਇਰਸ ਦੇ ਇਸ ਵੇਰੀਐਂਟ ਦੇ ਕਈ ਮਾਮਲੇ ਭਾਰਤ ਵਿੱਚ ਮਿਲੇ ਹਨ ਤੇ ਘੱਟ ਗਿਣਤੀ ਵਿੱਚ ਅਜਿਹੇ ਮਾਮਲੇ 10 ਹੋਰਨਾਂ ਦੇਸ਼ਾਂ ਵਿੱਚ ਵੀ ਮਿਲੇ ਹਨ। ਇਨ੍ਹਾਂ ਵਿੱਚ ਆਸਟਰੇਲੀਆ, ਜਰਮਨੀ, ਯੂਨਾਈਟਿਡ ਕਿੰਗਡਮ, ਅਮਰੀਕਾ ਤੇ ਕੈਨੇਡਾ ਸ਼ਾਮਲ ਹਨ। ਇਹ ਵੀ ਮੰਨਿਆ ਜਾ ਰਿਹਾ ਹੈ ਕਿ ਬੀਏ.2.75 ਇੱਕ ਤੋਂ ਦੂਜੇ ਵਿਅਕਤੀ ਤੱਕ ਬੜੀ ਤੇਜ਼ੀ ਨਾਲ ਫੈਲਦਾ ਹੈ ਤੇ ਇਹ ਵੈਕਸੀਨਜ਼ ਨੂੰ ਮਾਤ ਦੇਣ ਅਤੇ ਪੁਰਾਣੀਆਂ ਇਨਫੈਕਸ਼ਨਜ਼ ਤੋਂ ਲੋਕਾਂ ਨੂੰ ਹਾਸਲ ਹੋਈ ਇਮਿਊਨਿਟੀ ਦੇ ਅਸਰ ਨੂੰ ਖ਼ਤਮ ਕਰਨ ਦੇ ਸਮਰੱਥ ਹੈ। ਅਜੇ ਤੱਕ



ਇਹ ਪਤਾ ਨਹੀਂ ਲੱਗ ਸਕਿਆ ਹੈ ਕਿ ਇਹ ਹੋਰਨਾਂ ਵੇਰੀਐਂਟਸ ਨਾਲੋਂ ਵਧੇਰੇ ਖਤਰਨਾਕ ਹੈ ਜਾਂ ਨਹੀਂ।

ਰੌਚੈਸਟਰ, ਮਿਨੀਸੋਟਾ ਦੇ ਮੇਓ ਕਲੀਨਿਕ ਦੇ ਡਾਇਰੈਕਟਰ ਆਫ ਕਲੀਨਿਕਲ ਵਾਇਰੋਲੋਜੀ ਮੈਥਿਊ ਬਿਨਿਕਰ ਨੇ ਆਖਿਆ ਕਿ ਇਸ ਬਾਰੇ ਤੁਰੰਤ ਕਿਸੇ ਹੱਲ ਉੱਤੇ ਪਹੁੰਚਣਾ ਜਲਦਬਾਜ਼ੀ ਵਾਲੀ ਗੱਲ ਹੋਵੇਗੀ। ਪਰ ਭਾਰਤ ਵਿੱਚ ਇਸ ਵੇਰੀਐਂਟ ਦੇ ਸਾਹਮਣੇ ਆ ਰਹੇ ਮਾਮਲਿਆਂ ਤੋਂ ਆਖਿਆ ਜਾ ਸਕਦਾ ਹੈ ਕਿ ਇਸ ਦੇ ਫੈਲਣ ਦੀ ਰਫਤਾਰ ਕਾਫੀ ਤੇਜ਼ ਹੈ।

## ਰੈਸਟੋਰੈਂਟ ਵਿੱਚ ਇੱਕ ਵਿਅਕਤੀ ਉੱਤੇ ਹੋਇਆ ਹਿੰਸਕ ਹਮਲਾ, ਹਾਲਤ ਨਾਜ਼ੁਕ

ਸਕਾਰਬਰੋ, 12 ਜੁਲਾਈ (ਪੋਸਟ ਬਿਊਰੋ) : ਸੋਮਵਾਰ ਸ਼ਾਮ ਨੂੰ ਸਕਾਰਬਰੋ ਦੇ ਟਾਊਨ ਸੈਂਟਰ ਵਿੱਚ ਹਿੰਸਕ ਤੌਰ ਉੱਤੇ ਕੀਤੇ ਗਏ ਹਮਲੇ ਤੋਂ ਬਾਅਦ ਇੱਕ ਵਿਅਕਤੀ ਬੁਰੀ ਤਰ੍ਹਾਂ ਜ਼ਖ਼ਮੀ ਹੋ ਗਿਆ।

ਪੁਲਿਸ ਅਧਿਕਾਰੀਆਂ ਨੂੰ ਸ਼ਾਮੀਂ 6:30 ਵਜੇ ਦੇ ਨੇੜੇ ਤੇੜੇ ਰੈਸਟੋਰੈਂਟ ਵਿੱਚ ਇੱਕ ਵਿਅਕਤੀ ਉੱਤੇ ਹਮਲਾ ਹੋਣ ਦੀਆਂ ਰਿਪੋਰਟਾਂ ਮਿਲੀਆਂ। ਪੁਲਿਸ ਨੇ ਦੱਸਿਆ ਕਿ ਇੱਕ ਵਿਅਕਤੀ ਨੇ ਦੂਜੇ ਵਿਅਕਤੀ ਉੱਤੇ ਹਮਲਾ ਕਰ ਦਿੱਤਾ। ਕੁੱਝ ਲੋਕ ਜ਼ਖ਼ਮੀ ਹੋਏ ਵਿਅਕਤੀ ਦੀ ਮਦਦ ਲਈ ਵੀ ਆਏ ਤੇ ਉਸ ਨੂੰ ਇਲਾਜ ਲਈ ਹਸਪਤਾਲ ਭੇਜਿਆ ਗਿਆ।

ਉਸ ਦੀ ਹਾਲਤ ਨਾਜ਼ੁਕ ਦੱਸੀ ਜਾਂਦੀ ਹੈ। ਦੋ ਵਿਅਕਤੀਆਂ ਨੂੰ ਹਿਰਾਸਤ ਵਿੱਚ ਲਿਆ ਗਿਆ ਹੈ। ਪੁਲਿਸ ਨੇ ਦੱਸਿਆ ਕਿ ਉਹ ਕਿਸੇ ਹੋਰ ਮਸ਼ਕੂਕ ਦੀ ਭਾਲ ਨਹੀਂ ਕਰ ਰਹੇ ਹਨ।

AUTO & HOME INSURANCE
Super visa Insurance
Life & Disability
Critical illness
RESP
Visitor & Travel insurance
(416-845-1352)
Manwinder Mangat
Aaxel InsuranceBrokers Ltd. | 1332 Khalsa Dr, Unit # 11, Mississauga, ON L5S 0A2

OURR Home & Appliances
UPGRADE TO 4 DOOR FRIDGE $99
JULY BOXING WEEK
$4799 PLUS TAX
Unit #1, 241 Clarence, St Brampton, On L6W 3E7, (416) 551 3343 | 44 Fasken Dr. # 2-9 Etobicoke, On M9W 5M8, (416) 792-0877 | Unit #6 410 Lewis Road, Stoney Creek, On L8E 5Y7, (905) 643-0818 | Unit #4 - 1540 Fanshawe Park Road West London, On N6H 5L8 519-641-1010
WWW.OURRHOMEAPPLIANCES.COM (416) 792-0877 (416) 551 3343

GURBIR CHAHAL
Sales Representative
416.566.7605
gurbir.chahal@yahoo.com
ROYAL LEPAGE Flower City Realty Off: 905.230.3100

NOW HIRING !!!
ALLKIND INSURANCE
Life Insurance • Super Visa Insurance
Critical illness Ins • Mortgage Insurance
Travel & Visitor Ins • Disability Insurance
RESP & TFSA & RRSP • Funeral Insurance
SIMRAN SAINI 416.994.7272
www.allkindinsurance.com

HELPING YOU PLAN TODAY...FOR TOMORROW
Supervisa / Visitor Insurance
Life / Mortgage/Funeral Insurance
Disability Insurance
Critical Illness Insurance
RESP / RRSP
www.ufsinsurance.com
JATINDERBIR S BAJWA
Insurance Broker
Dir: 647-928-4990
# 25-831 Bovaird Dr. W. Brampton, ON L6X0T9 | www.ufsinsurance.com

INSURANCE
Home | Auto
Business | Trucking
Life Insurance | Commercial
647-206-2452
Sukhwinder K Singh
CONNEX 7050A Bramalea Rd, Unit # 13, Mississauga, ON L5S 1T1

ROYAL STAR Realty Inc. Brokerage
Off: 905-793-1111
Fax: 905-793-1455
RESIDENTIAL | COMMERCIAL | INVESTMENT
Serving you from one of the Largest Offices in GTA !
GURVIR DHILLON
Sales Representative
Dir: 647-409-1302
170 Steelwell Rd., Unit 200, Brampton, ON L6T 5T3
gaggi04@hotmail.com | www.royalstarrealty.com

SUPER VISA INSURANCE EXPERTS
7003 Steeles Ave. W, Unit 10, Etobicoke, ON, M9W 0A2
gill@punjabinsurance.ca | topinsuranceservices.ca
Punjab Insurance Inc
Disability Insurance
Mortgage Insurance
Life Insurance
Visitor & Travel Insurance
RESP(Education Plan)
Critical Illness Insurance
RANJIT GILL
Insurance Advisor
416-724-5000

PROTECT YOUR HOME FROM PESTS
Pest Control
Low Rates/Excellent Pest Control Services
100% Success rate for bed bug Treatment
Free Home Inspection Call Today
Ranjit Sidhu
Certified & Licenced Exterminator
BED BUG MATTRESS COVER ALSO AVAILABLE
A-Z Pest
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

PEST PROBLEM ?
Residential & Commercial
All Pest Control
100% Customer Satisfaction
MICE, COCKROACH, BEDBUG & ALL COMMON BUGS
AFFORDABLE & RELIABLE
647.990.3205
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
ਪਾਵਰ ਆਫ ਸੇਲ ਨੋਟਿਸ ?
ਗਾਰਨਿਸ਼ਮੈਂਟ?
ਬੈਂਕ ਵਲੋਂ ਪੈਸੇ ਦੀ ਮੰਗ ?
ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ,
ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available
1888 864 3131
Jasbir Singh Hundal
Qualified Credit Counsellor
www.MakeMeDebtFree.ca
416-502-3100
Unit #20 - 7015 Tranmere Drive Mississauga, ON L5S 1T7

CN Forklift Training Center
Counterbalance All Types | Walkie pallet Low Lift | Electric Motor Narrow Aisle Reach | Cherry Order Picker
Licence $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
NC Dhawan Certified Instructor
Cell: 416 726 6206 Tel: 905 405 0001

Law Office of Aman Sharma
Real Estate - Commercial Lease
Business Purchase & Sale
Notarizations & Affidavits
Wills & Power Of Attorney
Fax: 905-913-2344 Tel: 905-913-2355
Aman Sharma
Open Saturday
25 Cherrycrest Drive, Unit # 6 Brampton, ON, L6P 3W4
Providing excellent quality legal services to our clients

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Avon Financial Inc. Advice you can bank on.
Brokerage Lic. 12538
Cell: 416-841-4218 Tel: 905-216-5563
Harpreet Singh Goraya
Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

KELLEY LAW OFFICE
Immigration | Real Estate
Family Law | Business Closing
Corporate | Wills & Estate
Power of Attorney/Affidavit /Attestations
www.kelleylawoffice.ca | info@kelleylawoffice.ca
1200 Derry Road E, #15, Mississauga, ON L5T 0B3
Shinder Kelley
905-362-0755

MANN LAW FIRM
Real Estate Law • Business Law
Wills & Estates • Family Law
Power of Attorney • Civil Litigation
Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

Royal Pest Control
Residential Commercial Industrial
Specialist in Bedbugs Service
All Pest Control :
Mouse & Rats • Spiders & Fleas • Bedbugs • Wasps
Cockroaches • Carpenter Ants • Silver Fish • Racoons
Call : PARESH PATEL
416 938 4598

ਨਵਾਂ ਘਾਹ ਲਵਾਉ | 647-784-1213
www.aaalandscaping.ca
1. ਪੁਰਾਣਾ ਘਾਹ ਹਟਾਉ ਅਤੇ ਨਵਾਂ ਲਵਾਉ
2. ਏਰੀਆ ਨੂੰ ਲੇਵਲ ਕਰਨਾ ਅਤੇ ਮਿੱਟੀ ਰਲਾਉਣੀ
3. ਨਵਾਂ ਘਾਹ ਲਵਾਉ
4. ਆਪਣੇ ਨਵੇਂ ਅਤੇ ਸੋਹਣੇ ਘਾਹ ਨੂੰ ਦੇਖੋ

ਵਰਕਰਾਂ ਦੀ ਲੋੜ
ਘਾਹ ਕੱਟਣ ਲਈ ਅਤੇ ਕੰਸਟ੍ਰਕਸ਼ਨ ਦੇ ਫੁੱਲ ਟਾਈਮ ਕੰਮ ਲਈ ਜਨਰਲ ਲੇਬਰ ਦੀ ਲੋੜ ਹੈ। ਕੰਮ ਉਤੇ ਲੈ ਕੇ ਆਉਣ ਅਤੇ ਲਿਜਾਣ ਦੀ ਸੁਵਿਧਾ। ਬਿਨੈਕਾਰ ਸਰੀਰਕ ਤੌਰ ਉਤੇ ਫਿਟ ਅਤੇ 50 ਐਲ.ਬੀ.ਐਸ. ਵਜ਼ਨ ਚੁੱਕਣ ਦੇ ਯੋਗ ਹੋਣਾ ਚਾਹੀਦਾ ਹੈ।
ਸੰਪਰਕ ਅਮਿਤ: 647-784-1213

# ਬਹੁਗਿਣਤੀ ਕੈਨੇਡੀਅਨਾਂ ਦਾ ਮੰਨਣਾ ਹੈ ਕਿ ਇਸ ਸਮੇਂ ਮੰਦਵਾੜੇ ਵਿੱਚੋਂ ਲੰਘ ਰਿਹਾ ਹੈ ਕੈਨੇਡਾ



ਓਟਵਾ, 12 ਜੁਲਾਈ (ਪੋਸਟ ਬਿਊਰੋ) : ਬਹੁਤੇ ਕੈਨੇਡੀਅਨਜ਼ ਦਾ ਇਹ ਮੰਨਣਾ ਹੈ ਕਿ ਦੇਸ਼ ਇਸ ਸਮੇਂ ਮੰਦਵਾੜੇ ਵਿੱਚੋਂ ਲੰਘ ਰਿਹਾ ਹੈ ਤੇ ਨੇੜ ਭਵਿੱਖ ਵਿੱਚ ਵੀ ਵਸਤਾਂ ਦੀਆਂ ਕੀਮਤਾਂ ਵਿੱਚ ਹੋਣ ਵਾਲਾ ਵਾਧਾ ਇਸੇ ਤਰ੍ਹਾਂ ਜਾਰੀ ਰਹੇਗਾ। ਇਹ ਖੁਲਾਸਾ ਇੱਕ ਨਵੇਂ ਸਰਵੇਖਣ ਵਿੱਚ ਹੋਇਆ। ਲੈਜਰ ਵੱਲੋਂ ਕਰਵਾਏ ਗਏ ਸਰਵੇਖਣ ਵਿੱਚ ਕੈਨੇਡੀਅਨ ਤੇ ਅਮੈਰੀਕਨਜ਼ ਤੋਂ ਇਹ ਪੁੱਛਿਆ ਗਿਆ ਕਿ ਉਨ੍ਹਾਂ ਦੇ ਟਰੈਵਲ, ਏਅਰਪੋਰਟਸ ਉੱਤੇ ਹੋਣ ਵਾਲੀ ਦੇਰ ਤੇ ਮਹਿੰਗਾਈ ਬਾਰੇ ਕੀ ਵਿਚਾਰ ਹਨ। ਇਸ ਉੱਤੇ 80 ਫੀ ਸਦੀ ਕੈਨੇਡੀਅਨਜ਼ ਨੇ ਆਖਿਆ ਕਿ ਉਨ੍ਹਾਂ ਨੂੰ ਲੱਗਦਾ ਹੈ ਕਿ ਚੀਜ਼ਾਂ ਦੀਆਂ ਕੀਮਤਾਂ ਵਿੱਚ ਵਾਧਾ ਹੋਣਾ ਜਾਰੀ ਰਹੇਗਾ ਤੇ 59 ਫੀ ਸਦੀ ਨੇ ਦੱਸਿਆ ਕਿ ਉਨ੍ਹਾਂ ਨੂੰ ਲੱਗਦਾ ਹੈ ਕਿ ਇਸ ਸਮੇਂ ਕੈਨੇਡਾ ਆਰਥਿਕ ਮੰਦਵਾੜੇ ਵਿੱਚੋਂ ਲੰਘ ਰਿਹਾ ਹੈ।

ਲੈਜਰ ਦੇ ਵਾਈਸ ਪ੍ਰੈਜ਼ੀਡੈਂਟ ਐਂਡਰਿਊ ਐਨਜ਼ ਨੇ ਆਖਿਆ ਕਿ ਇਹ ਅਰਥਸ਼ਾਸਤਰੀਆਂ ਤੇ ਕਾਰੋਬਾਰੀਆਂ ਲਈ ਕੋਈ ਵਧੀਆ ਖਬਰ ਨਹੀਂ ਹੈ। ਉਨ੍ਹਾਂ ਆਖਿਆ ਕਿ ਇਸ ਸਮੇਂ ਲੋਕਾਂ ਨੂੰ ਮਹਿੰਗਾਈ ਦੀ ਮਾਰ ਸਹਿਣੀ ਪੈ ਰਹੀ ਹੈ, ਘਰਾਂ ਦੇ ਬਜਟ ਲਈ ਹੱਥ ਘੁੱਟਣੇ ਪੈ ਰਹੇ ਹਨ ਤੇ ਉਹ ਬਹੁਤੀ ਖਰੀਦੋ ਫਰੋਖ਼ਤ ਵੀ ਨਹੀਂ ਕਰ ਪਾ ਰਹੇ। ਕੰਜ਼ਿਊਮਰਜ਼ ਨੂੰ ਜੂਨ ਗੁਜ਼ਾਰੇ ਦੀ ਚਿੰਤਾ ਸਤਾ ਰਹੀ ਹੈ ਤੇ ਖਰਚਾ ਕਰਨ ਵੱਲ ਉਨ੍ਹਾਂ ਦਾ ਧਿਆਨ ਘੱਟ ਹੈ।

ਅਮਰੀਕਾ ਵਿੱਚ ਵੀ ਹਾਲਾਤ ਇਹੋ ਜਿਹੇ ਹੀ ਹਨ, ਉੱਥੇ 64 ਫੀ ਸਦੀ ਅਮੈਰੀਕਨਜ਼ ਦਾ ਮੰਨਣਾ ਹੈ ਕਿ ਉਹ ਮੰਦਵਾੜੇ ਵਿੱਚੋਂ ਲੰਘ ਰਹੇ ਹਨ, 19 ਫੀ ਸਦੀ ਨੂੰ ਅਜੇ ਇਸ ਬਾਰੇ ਕੋਈ ਜਾਣਕਾਰੀ ਨਹੀਂ। 66 ਫੀ ਸਦੀ ਅਮੈਰੀਕਨਜ਼ ਦਾ ਮੰਨਣਾ ਹੈ ਕਿ ਚੀਜ਼ਾਂ ਦੀਆਂ ਕੀਮਤਾਂ ਇਸੇ ਤਰ੍ਹਾਂ ਉੱਤੇ ਜਾਂਦੀਆਂ ਰਹਿਣਗੀਆਂ ਤੇ 16 ਫੀ ਸਦੀ ਨੇ ਆਖਿਆ ਕਿ ਹਾਲਾਤ ਸੁਧਰਨ ਲੱਗੇ ਹਨ।

53 ਫੀ ਸਦੀ ਨੇ ਆਖਿਆ ਕਿ ਫਲਾਈਟਸ ਰੱਦ ਹੋਣ ਜਾਂ ਦੇਰ ਹੋਣ ਤੇ ਲੰਮੀਆਂ ਲਾਈਨਾਂ ਕਾਰਨ ਉਨ੍ਹਾਂ ਨੂੰ ਏਅਰਪੋਰਟ ਟਰੈਵਲ ਤੋਂ ਡਰ ਲੱਗ ਰਿਹਾ ਹੈ ਜਦਕਿ 43 ਫੀ ਸਦੀ ਨੇ ਆਖਿਆ ਕਿ ਉਨ੍ਹਾਂ ਨੂੰ ਇਸ ਦੀ ਕੋਈ ਚਿੰਤਾ ਨਹੀਂ ਹੈ ਤੇ ਤਿੰਨ ਫੀ ਸਦੀ ਨੇ ਆਖਿਆ ਕਿ ਉਹ ਇਸ ਤਰ੍ਹਾਂ ਦੀ ਕਿਸੇ ਵੀ ਸਮੱਸਿਆ ਤੋਂ ਜਾਣੂ ਨਹੀਂ ਹਨ। ਪਾਸਪੋਰਟ ਵਿੱਚ ਹੋਣ ਵਾਲੀ ਦੇਰ ਦੇ ਮੁੱਦੇ ਉੱਤੇ ਅੱਧੇ ਤੋਂ ਘੱਟ ਨੇ ਚਿੰਤਾ ਪ੍ਰਗਟਾਈ ਜਦਕਿ 50 ਫੀ ਸਦੀ ਨੇ ਆਖਿਆ ਕਿ ਇਸ ਵਿੱਚ ਚਿੰਤਾ ਵਾਲੀ ਕੋਈ ਗੱਲ ਨਹੀਂ।

# ਕੋਵਿਡ-19 ਬੂਸਟਰ ਸ਼ੌਟਸ ਦੇ ਪਸਾਰ ਬਾਰੇ ਅੱਜ ਐਲਾਨ ਕਰਨਗੇ ਮੂਰ



ਓਨਟਾਰੀਓ, 12 ਜੁਲਾਈ (ਪੋਸਟ ਬਿਊਰੋ) : ਓਨਟਾਰੀਓ ਦੇ ਚੀਫ ਮੈਡੀਕਲ ਆਫੀਸਰ ਆਫ ਹੈਲਥ ਵੱਲੋਂ ਬੁੱਧਵਾਰ ਨੂੰ ਕੋਵਿਡ-19 ਵੈਕਸੀਨ ਦੀ ਚੌਥੀ ਡੋਜ਼ ਦੇ ਪਸਾਰ ਦਾ ਐਲਾਨ ਕੀਤਾ ਜਾਵੇਗਾ।

ਡਾ. ਕੀਰਨ ਮੂਰ ਬੁੱਧਵਾਰ ਨੂੰ ਸਵੇਰੇ 11:00 ਵਜੇ ਇਸ ਵੈਕਸੀਨ ਸਬੰਧੀ ਐਲਾਨ ਦੇ ਨਾਲ ਨਾਲ ਪ੍ਰੋਵਿੰਸ ਦੀ ਰੈਪਿਡ ਐਂਟੀਜਨ ਟੈਸਟ ਦੀ ਵੰਡ ਦੀ ਵੀ ਅਪਡੇਟ ਦੇਣਗੇ। ਇਹ ਐਲਾਨ ਓਨਟਾਰੀਓ ਵਿੱਚ ਕੋਵਿਡ-19 ਦੀ ਸੱਤਵੀਂ ਵੇਵ ਦਰਮਿਆਨ ਆਇਆ। ਓਨਟਾਰੀਓ ਵਿੱਚ ਇੱਕ ਵਾਰੀ ਫਿਰ ਕੋਵਿਡ-19 ਮਾਮਲਿਆਂ ਵਿੱਚ ਵਾਧਾ ਦਰਜ ਕੀਤਾ ਜਾ ਰਿਹਾ ਹੈ, ਪਾਜ਼ੀਟਿਵ ਦਰ ਵਿੱਚ ਵਾਧਾ ਹੋਇਆ ਹੈ ਤੇ ਲੋਕਾਂ ਨੂੰ ਹਸਪਤਾਲ ਦਾਖਲ ਕਰਵਾਉਣ ਦਾ ਸਿਲਸਿਲਾ ਮੁੜ ਸ਼ੁਰੂ ਹੋ ਗਿਆ ਹੈ।

ਇਸ ਸਮੇਂ ਬੂਸਟਰ ਡੋਜ਼ 60 ਤੇ ਇਸ ਤੋਂ ਵੱਧ ਉਮਰ ਦੇ ਲੋਕਾਂ, ਜਿਨ੍ਹਾਂ ਦੀ ਇਮਿਊਨਿਟੀ ਕਮਜ਼ੋਰ ਹੈ ਤੇ ਇੰਡੀਜੀਨਸ ਆਬਾਦੀ ਲਈ ਹੀ ਉਪਲਬਧ ਹੈ। ਇਸ ਦੌਰਾਨ ਮੂਰ ਨੇ ਲੋਕਾਂ ਨੂੰ ਸਲਾਹ ਦਿੱਤੀ ਕਿ ਜੇ ਉਹ ਬੂਸਟਰ ਸ਼ੌਟ ਲੁਆ ਸਕਦੇ ਹਨ ਤਾਂ ਲੁਆ ਲੈਣ।

# ਨੈਚੂਰਲ ਗੈਸ ਲੀਕ ਹੋਣ ਤੋਂ ਬਾਅਦ ਖਾਲੀ ਕਰਵਾਈਆਂ ਗਈਆਂ ਦੋ ਇਮਾਰਤਾਂ



ਟੋਰਾਂਟੋ, 12 ਜੁਲਾਈ (ਪੋਸਟ ਬਿਊਰੋ) : ਡਾਊਨਟਾਊਨ ਟੋਰਾਂਟੋ ਵਿੱਚ ਤੇਜ਼ ਪ੍ਰੈਸ਼ਰ ਵਾਲੀ ਗੈਸ ਲਾਈਨ ਨੂੰ ਨੁਕਸਾਨ ਪਹੁੰਚਣ ਤੇ ਗੈਸ ਦੇ ਲੀਕ ਹੋਣ ਤੋਂ ਬਾਅਦ ਦੋ ਕੌਂਡੀਮੀਨੀਅਮਜ਼ ਵਿੱਚ ਰਹਿਣ ਵਾਲੇ ਰੈਜ਼ੀਡੈਂਟਸ ਤੋਂ ਇਹ ਇਮਾਰਤ ਖਾਲੀ ਕਰਵਾ ਲਈ ਗਈ।

ਮੰਗਲਵਾਰ ਸਵੇਰੇ 10:00 ਵਜੇ ਬਲੂ ਜੇਅਜ਼ ਵੇਅ ਤੇ ਵੈਲਿੰਗਟਨ ਸਟਰੀਟ ਨੇੜੇ ਕੰਸਟ੍ਰਕਸ਼ਨ ਵਰਕਰਜ਼ ਵੱਲੋਂ ਗਲਤੀ ਨਾਲ ਵੱਡੀ ਗੈਸ ਪਾਈਪ ਲਾਈਨ ਨੂੰ ਨੁਕਸਾਨ ਪਹੁੰਚ ਗਿਆ। ਨੁਕਸਾਨ ਹੋਣ ਕਾਰਨ ਇਸ ਪਾਈਪਲਾਈਨ ਵਿੱਚੋਂ ਗੈਸ ਰਿਸਣ ਲੱਗੀ। ਟੋਰਾਂਟੋ ਪੁਲਿਸ ਅਨੁਸਾਰ ਜਿਸ ਪਾਈਪਲਾਈਨ ਨੂੰ ਨੁਕਸਾਨ ਪਹੁੰਚਿਆ ਉਹ ਰੈਸਟੋਰੈਂਟ ਦੇ ਪਿੱਛੇ ਸੀ ਤੇ ਉਸਾਰੀ ਅਧੀਨ ਬਿਲਡਿੰਗਾਂ ਲਈ ਨੈਚੂਰਲ ਗੈਸ ਸਪਲਾਈ ਕਰਦੀ ਹੈ। ਇਸ ਘਟਨਾ ਵਿੱਚ ਕਿਸੇ ਦੇ ਜ਼ਖ਼ਮੀ ਹੋਣ ਦੀ ਕੋਈ ਖਬਰ ਨਹੀਂ ਹੈ।

ਅਹਿਤਿਆਤਨ 250 ਤੇ 270 ਵੈਲਿੰਗਟਨ ਸਟਰੀਟਸ ਉੱਤੇ ਦੋ ਰਿਹਾਇਸ਼ੀ ਇਮਾਰਤਾਂ, ਜਿਨ੍ਹਾਂ ਵਿੱਚ 300 ਜਾਂ ਇਸ ਤੋਂ ਵੱਧ ਲੋਕ ਰਹਿੰਦੇ ਸਨ, ਨੂੰ ਖਾਲੀ ਕਰਵਾਇਆ ਗਿਆ। ਇਹ ਜਾਣਕਾਰੀ ਟੋਰਾਂਟੋ ਫਾਇਰ ਵੱਲੋਂ ਦਿੱਤੀ ਗਈ। ਟੋਰਾਂਟੋ ਫਾਇਰ ਨੇ ਹੋਰਨਾਂ ਬਿਲਡਿੰਗਾਂ ਵਿੱਚ ਰਹਿਣ ਵਾਲਿਆਂ ਨੂੰ ਵੀ ਉੱਥੋਂ ਹੋਰ ਕਿਤੇ ਚਲੇ ਜਾਣ ਦੀ ਸਲਾਹ ਦਿੱਤੀ।

# ਕਾਂਗਰਸ ਪਾਰਟੀ ਗੋਆ ਦਾ ਸੰਕਟ ਟਾਲਣ ਵਿੱਚ ਸਫ਼ਲ ਰਹੀ

* 11 ਵਿੱਚੋਂ 10 ਵਿਧਾਇਕ ਪਾਰਟੀ ਮੀਟਿੰਗ ਵਿੱਚ ਸ਼ਾਮਲ




ਪਣਜੀ, 12 ਜੁਲਾਈ, (ਪੋਸਟ ਬਿਊਰੋ)- ਗੋਆਵਿੱਚਕਾਂਗਰਸ ਪਾਰਟੀ ਦੇ ਕੁੱਲ 11 ਵਿਧਾਇਕਾਂਵਿੱਚੋਂ 10 ਜਣਿਆਂ ਨੇ ਅੱਜ ਇਥੇ ਸੀਨੀਅਰ ਕੇਂਦਰੀ ਨੇਤਾ ਮੁਕੁਲ ਵਾਸਨਿਕ ਦੀ ਪ੍ਰਧਾਨਗੀ ਹੇਠ ਹੋਈ ਮੀਟਿੰਗਵਿੱਚ ਹਿੱਸਾ ਲਿਆ, ਜਿਸ ਨਾਲ ਕਾਂਗਰਸ ਪਾਰਟੀ ਹਾਲ ਦੀ ਘੜੀ ਆਪਣੇ ਕੈਂਪਵਿੱਚ ਪੈਂਦੇ ਪਾਟਕ ਨੂੰ ਟਾਲਣਵਿੱਚ ਸਫ਼ਲ ਰਹੀ ਹੈ।

ਮਿਲੀ ਜਾਣਕਾਰੀ ਅਨੁਸਾਰ ਅੱਜ ਦੀ ਮੀਟਿੰਗ ਵਿੱਚ ਸਾਬਕਾ ਮੁੱਖ ਮੰਤਰੀ ਦਿਗੰਬਰ ਕਾਮਤ ਨੂੰ ਛੱਡ ਕੇ ਮਾਈਕਲ ਲੋਬੋ ਸਮੇਤ ਹੋਰ ਸਾਰੇ ਕਾਂਗਰਸੀ ਵਿਧਾਇਕ ਸੂਬਾ ਪਾਰਟੀ ਦੇ ਮੁੱਖ ਦਫਤਰਵਿੱਚ ਦੋ ਘੰਟਿਆਂ ਤੋਂ ਵੱਧ ਸਮਾਂ ਚੱਲਦੀ ਰਹੀ ਮੀਟਿੰਗਵਿੱਚ ਮੌਜੂਦ ਸਨ।ਗੋਆ ਕਾਂਗਰਸ ਗੋਆ ਦੇ ਇੰਚਾਰਜ ਦਿਨੇਸ਼ ਗੁੰਡੂ ਰਾਓਅਤੇ ਗੋਆ ਕਾਂਗਰਸ ਦੇ ਪ੍ਰਧਾਨ ਅਮਿਤ ਪਾਟਕਰ ਵੀ ਓਥੇ ਸਨ।ਮੁਕੁਲ ਵਾਸਨਿਕ ਨੇ ਦਾਅਵਾ ਕੀਤਾ ਕਿ ਮਾੜੇ ਇਰਾਦੇ ਨਾਲ ਕੁਝ ਲੋਕ ਕਾਂਗਰਸਵਿੱਚ ਤਰੇੜ ਪੈਦਾ ਕਰਨ ਦੀ ਕੋਸ਼ਿਸ਼ ਕਰ ਰਹੇ ਸਨ, ਪਰ ਵਿਧਾਇਕਾਂ ਨੇ ਵਿਖਾ ਦਿੱਤਾ ਹੈ ਕਿ ਉਹ ਇਕਜੁੱਟ ਹਨ।

ਵਰਨਣ ਯੋਗ ਹੈ ਕਿ ਬੀਤੇ ਐਤਵਾਰ ਨੂੰ ਦਿਗੰਬਰ ਕਾਮਤ ਤੇ ਮਾਈਕਲ ਲੋਬੋ ਸਮੇਤ ਪੰਜ ਵਿਧਾਇਕ ਕਾਂਗਰਸ ਦੇ ਸੰਪਰਕਵਿੱਚ ਨਹੀਂ ਸਨ, ਪਰ ਸੋਮਵਾਰ ਨੂੰ ਮੌਨਸੂਨ ਸੈਸ਼ਨ ਦੇ ਪਹਿਲੇ ਦਿਨ ਗੋਆ ਵਿਧਾਨ ਸਭਾ ਦੀ ਕਾਰਵਾਈਵਿੱਚ ਸ਼ਾਮਲ ਹੋਏ ਅਤੇ ਦਾਅਵਾ ਕੀਤਾ ਸੀ ਕਿ ਇਸ ਵਿਚ ਕੁਝ ਵੀ ਗਲਤ ਨਹੀਂ ਅਤੇ ਉਹ ਪਾਰਟੀ ਦੇ ਨਾਲ ਹਨ। ਕਾਂਗਰਸ ਨੇ ਮਾਈਕਲ ਲੋਬੋ ਤੇ ਦਿਗੰਬਰ ਕਾਮਤ ਉੱਤੇ ਸੱਤਾਧਾਰੀ ਭਾਜਪਾ ਨਾਲ ਸਾਜ਼ਿਸ਼ ਰਚਣ ਅਤੇ ਮਿਲੀਭੁਗਤ ਕਰਨ ਦਾ ਵੀ ਦੋਸ਼ ਲਾਇਆ ਸੀ ਤਾਂਕਿ ਪੁਰਾਣੀ ਪਾਰਟੀ ਦੇ ਵਿਧਾਇਕਾਂਵਿੱਚ ਫੁੱਟ ਪਾਈ ਜਾ ਸਕੇ। ਇਸ ਮਗਰੋਂ ਪਾਰਟੀ ਨੇ 40 ਮੈਂਬਰੀ ਵਿਧਾਨ ਸਭਾਵਿੱਚਮਾਈਕਲ ਲੋਬੋ ਨੂੰ ਵਿਰੋਧੀ ਧਿਰ ਦੇ ਨੇਤਾ ਦੇ ਅਹੁਦੇ ਤੋਂ ਹਟਾ ਦਿੱਤਾ ਤੇ ਐਤਵਾਰ ਨੂੰ ਦਿਨੇਸ਼ ਗੁੰਡੂ ਰਾਉ ਦੀ ਪ੍ਰੈੱਸ ਕਾਨਫਰੰਸਵਿੱਚ ਕਾਂਗਰਸ ਦੇ ਕੁਝ ਵਿਧਾਇਕਾਂ ਦੇ ਨਾ ਆਉਣਕਾਰਨ ਅਮਿਤ ਪਾਟਕਰ ਨੇ ਵਿਧਾਨ ਸਭਾ ਸਪੀਕਰ ਰਮੇਸ਼ ਤਾਵੜਕਰ ਦੇ ਕੋਲ ਕਾਮਤ ਅਤੇ ਲੋਬੋ ਦੇ ਖਿਲਾਫ ਅਯੋਗਤਾ ਦੀ ਅਰਜ਼ੀ ਪੇਸ਼ ਕੀਤੀ ਸੀ। ਇਹ ਪੁੱਛਣ ਉੱਤੇ ਕਿ ਕੀ ਅਯੋਗਤਾ ਅਰਜ਼ੀ ਵਾਪਸ ਲਈ ਜਾਵੇਗੀ, ਵਾਸਨਿਕ ਨੇ ਟਾਲ ਦਿੱਤਾ।

# ਸ਼ਿਪਿੰਗ ਕੰਟੇਨਰ ਤੋਂ ਮਿਲੀਆਂ ਚੋਰੀ ਦੀਆਂ ਦੋ ਐਸਯੂਵੀਜ਼




ਓਨਟਾਰੀਓ, 12 ਜੁਲਾਈ (ਪੋਸਟ ਬਿਊਰੋ) : ਮਿਸੀਸਾਗਾ ਵਿੱਚ ਇੱਕ ਟਰੈਫਿਕ ਲਾਈਟ ਉੱਤੇ ਰੁਕੇ ਟਰਾਲੇ ਵਿੱਚ ਲਿਜਾਏ ਜਾ ਰਹੇ ਸ਼ਿਪਿੰਗ ਕੰਟੇਨਰ ਵਿੱਚੋਂ ਚੋਰੀ ਦੀਆਂ ਦੋ ਐਸਯੂਵੀ ਮਿਲਣ ਤੋਂ ਬਾਅਦ ਓਨਟਾਰੀਓ ਪ੍ਰੋਵਿੰਸ਼ੀਅਲ ਪੁਲਿਸ (ਓਪੀਪੀ) ਵੱਲੋਂ ਇੱਕ ਟਰੱਕ ਡਰਾਈਵਰ ਨੂੰ ਚਾਰਜ ਕੀਤਾ ਗਿਆ ਹੈ।


ਮਿਸੀਸਾਗਾ ਦੇ ਓਪੀਪੀ ਨੂੰ ਇਹ ਸੂਹ ਮਿਲੀ ਸੀ ਕਿ ਚੋਰੀ ਦੀਆਂ ਗੱਡੀਆਂ ਇੱਕ ਟਰਾਲੇ ਵਿੱਚ ਲਿਜਾਈਆਂ ਜਾ ਰਹੀਆਂ ਹਨ। ਸੋਮਵਾਰ ਨੂੰ ਰਾਤੀਂ 8:00 ਵਜੇ ਪੁਲਿਸ ਅਧਿਕਾਰੀਆਂ ਨੇ ਇਟੋਬੀਕੋ ਵਿੱਚ ਰੈਕਸਡੇਲ ਨੇੜੇ ਹਾਈਵੇਅ 427 ਉੱਤੇ ਇੱਕ ਟਰੱਕ ਨੂੰ ਰੋਕਿਆ ਤੇ ਉਸ ਦੀ ਤਲਾਸ਼ੀ ਲਈ। ਉਸ ਵਿੱਚ ਲੱਦੇ ਹੋਏ ਸ਼ਿਪਿੰਗ ਕੰਟੇਨਰ ਵਿੱਚੋਂ ਚੋਰੀ ਦੀਆਂ ਦੋ ਗੱਡੀਆਂ ਇੱਕ ਜੀਪ ਚਿਰੋਕੀ ਤੇ ਇੱਕ ਰੇਂਜ ਰੋਵਰ ਮਿਲੀ। ਉਸ ਅਣਪਛਾਤੇ ਟਰੱਕ ਡਰਾਈਵਰ ਨੂੰ ਚੋਰੀ ਦੀ ਸੰਪਤੀ ਦੇ ਦੋ ਮਾਮਲਿਆਂ ਵਿੱਚ ਚਾਰਜ ਕੀਤਾ ਗਿਆ।

ਟੋਰਾਂਟੋ ਤੇ ਜੀਟੀਏ ਵਿੱਚ ਪਿੱਛੇ ਜਿਹੇ ਕਾਰਜੈਕਿੰਗ ਦੀਆਂ ਵਾਪਰੀਆਂ ਕਈ ਘਟਨਾਵਾਂ ਵਿੱਚ ਕਈ ਰੇਂਜ ਰੋਵਰਜ਼ ਚੋਰੀ ਕੀਤੀਆਂ ਗਈਆਂ। ਇਸ ਤਰ੍ਹਾਂ ਦੀ ਕਾਰਜੈਕਿੰਗ ਵਿੱਚ ਹਥਿਆਰਬੰਦ ਚੋਰੀਆਂ ਵੀ ਕਾਫੀ ਮਾਤਰਾ ਵਿੱਚ ਹੋਈਆਂ। ਪਿਛਲੇ ਮਹੀਨੇ ਤਿੰਨ ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ ਤੇ ਓਕਵਿੱਲ ਵਿੱਚ ਹਿੰਸਕ ਕਾਰਜੈਕਿੰਗਜ਼ ਲਈ ਚਾਰਜ ਵੀ ਕੀਤਾ ਗਿਆ। ਇੱਥੇ ਵੀ ਬਹੁਤਾ ਕਰਕੇ ਰੇਂਜ ਰੋਵਰਜ਼ ਨੂੰ ਨਿਸ਼ਾਨਾ ਬਣਾਇਆ ਗਿਆ।

# ਪੰਜਾਬ ਸਰਕਾਰ ਵੱਲੋਂ ਪਾਵਰਕਾਮ ਨੂੰ 590 ਕਰੋੜ ਦੀ ਰਕਮ ਜਾਰੀ

* ਅਪ੍ਰੈਲ ਤੋਂ ਜੂਨ ਤਕ ਪਾਵਰਕਾਮ ਨੂੰ 3300 ਕਰੋੜ ਦੀ ਸਬਸਿਡੀ ਮਿਲੀ

ਜਲੰਧਰ, 12 ਜੁਲਾਈ (ਪੋਸਟ ਬਿਊਰੋ)- ਪੰਜਾਬ ਸਰਕਾਰ ਨੇ ਪਾਵਰਕਾਮ ਨੂੰ ਇਸ ਵਿੱਤੀ ਵਰ੍ਹੇ 2022-23 ਲਈ 590 ਕਰੋੜ ਦੀ ਸਬਸਿਡੀ ਦੀ ਰਕਮ ਜਾਰੀ ਕਰ ਦਿੱਤੀ ਹੈ। ਇਸ ਤੋਂ ਪਹਿਲਾਂ ਪੰਜਾਬ ਸਰਕਾਰ ਵਿੱਤੀ ਵਰ੍ਹੇ ਦੇ ਸ਼ੁਰੂ ਹੋਣ ਪਿਛੋਂ ਅਪ੍ਰੈਲ ਤੋਂ ਜੂਨ ਤਕ ਦੀ 3300 ਕਰੋੜ ਰੁਪਏ ਦੀ ਸਬਸਿਡੀ ਦੀ ਰਕਮ ਜਾਰੀ ਕਰ ਚੁੱਕੀ ਹੈ। ਪਾਵਰਕਾਮ ਇਸ ਵੇਲੇ ਝੋਨੇ ਦੀ ਬਿਜਾਈ ਦੇ ਸੀਜਨ ਤੋਂ ਇਲਾਵਾ ਹੁਮਸ ਭਰੀ ਗਰਮੀ ਵਿੱਚ ਲੋਕਾਂ ਨੂੰ ਨਿਰਵਿਘਨ ਬਿਜਲੀ ਸਪਲਾਈ ਕਰ ਰਿਹਾ ਹੈ। ਇਸ ਨੂੰ ਬੈਂਕਿੰਗ ਸਿਸਟਮ ਤੋਂ ਬਿਨਾ ਹੋਰ ਵੀ ਸਰੋਤਾਂ ਤੋਂ ਬਿਜਲੀ ਦੀ ਖ਼ਰੀਦ ਕਰਨੀ ਪੈ ਰਹੀ ਹੈ। ਪਾਵਰਕਾਮ ਉੱਤੇ ਪਹਿਲੀ ਜੁਲਾਈ ਤੋਂ 300 ਯੂਨਿਟ ਬਿਜਲੀ ਮੁਫ਼ਤ ਦੇਣ ਦਾ ਹੋਰ ਭਾਰ ਵਧ ਜਾਣ ਕਰਕੇ ਜ਼ਿਆਦਾ ਬਿਜਲੀ ਦੀ ਖਪਤ ਹੋਣ ਦੀ ਸੰਭਾਵਨਾ ਹੈ। ਬੀਤੇ ਦਿਨੀਂ ਕਈ ਥਾਂਈ ਮੀਂਹ ਪੈਣ ਦੇ ਬਾਵਜੂਦ ਪਾਵਰਕਾਮ ਕੋਲ ਇਨ੍ਹਾਂ ਦਿਨਾਂ ਵਿੱਚ 13000 ਮੈਗਾਵਾਟ ਤੋਂ ਜ਼ਿਆਦਾ ਬਿਜਲੀ ਦੀ ਮੰਗ ਚੱਲ ਰਹੀ ਹੈ। ਪੰਜਾਬ ਸਰਕਾਰ ਨੇ ਇਸ ਸਾਲ ਖਪਤਕਾਰਾਂ ਨੂੰ ਮੁਫ਼ਤ ਸਕੀਮਾਂ ਹੇਠ 19000 ਕਰੋੜ ਤੋਂ ਵੱਧ ਦੀ ਸਬਸਿਡੀ ਦੀ ਰਕਮ ਦੇਣੀ ਹੈ। ਪਾਵਰਕਾਮ ਨੂੰ ਜੁਲਾਈ ਵਿੱਚ ਅਜੇ 590 ਕਰੋੜ ਰੁਪਏ ਦੀ ਸਬਸਿਡੀ ਦੀ ਰਕਮ ਮਿਲੀ ਹੈ, ਪਰ ਆਉਂਦੇ ਦਿਨਾਂ ਵਿੱਚ ਉਸ ਨੂੰ ਮਹਿੰਗੇ ਕੋਲੇ ਦੀ ਅਦਾਇਗੀ ਲਈ ਹੋਰ ਰਕਮ ਦੀ ਲੋੜ ਹੋਏਗੀ।



# ਚੱਲਦੀ ਰੇਲ ਗੱਡੀ ਵਿੱਚ ਪੰਜਾਬ ਦੇ ਐਡਵੋਕੇਟ ਜਨਰਲ ਅਨਮੋਲ ਰਤਨ ਸਿੱਧੂ ਉੱਤੇ ਹਮਲਾ! ਡੀ ਜੀ ਪੀ ਨੂੰ ਸ਼ਿਕਾਇਤ ਦਰਜ ਕਰਵਾਈ ਗਈ

ਚੰਡੀਗੜ੍ਹ, 12 ਜੁਲਾਈ, (ਪੋਸਟ ਬਿਊਰੋ)- ਪੰਜਾਬ ਦੇ ਐਡਵੋਕੇਟ ਜਨਰਲ ਅਨਮੋਲ ਰਤਨ ਸਿੱਧੂ ਨੇ ਦਾਅਵਾ ਕੀਤਾ ਹੈ ਕਿ ਮੰਗਲਵਾਰ ਨੂੰ ਹਰਿਆਣਾ ਦੇ ਪਾਣੀਪਤ ਨੇੜੇ ਅਣਪਛਾਤੇ ਹਮਲਾਵਰਾਂ ਨੇ ਉਨ੍ਹਾਂ ਉੱਤੇ ਹਮਲਾ ਕੀਤਾ ਹੈ।ਉਹਦਿੱਲੀ ਤੋਂ ਚੰਡੀਗੜ੍ਹ ਲਈ ਰੇਲਗੱਡੀ ਉੱਤੇ ਸਫ਼ਰ ਕਰ ਰਹੇ ਸੀ ਤਾਂ ਕੁਝ ਲੜਕਿਆ ਨੇ ਪੱਥਰ ਮਾਰ ਕੇ ਖਿੜਕੀ ਦਾ ਸ਼ੀਸ਼ਾ ਤੋੜ ਦਿੱਤਾ।ਇਹ ਘਟਨਾ ਪਾਣੀਪਤ ਨੇੜੇ ਓਦੋਂ ਵਾਪਰੀ ਜਦੋਂ ਪੰਜਾਬ ਦੇ ਏਜੀ ਚੰਡੀਗੜ੍ਹ ਵਾਪਸ ਆ ਰਹੇ ਸਨ।

ਬੀਤੇ ਸੋਮਵਾਰ ਨੂੰ ਪੰਜਾਬ ਦੇ ਐਡਵੋਕੇਟ ਜਨਰਲ (ਏਜੀ) ਅਨਮੋਲ ਰਤਨਸਿੱਧੂ ਸੁਪਰੀਮ ਕੋਰਟ ਵਿੱਚ ਲਾਰੈਂਸ ਬਿਸ਼ਨੋਈ ਕੇਸਵਿੱਚ ਪੇਸ਼ ਹੋਏ ਸਨ ਅਤੇ ਅੱਜ ਚੰਡੀਗੜ੍ਹ ਵਾਪਸ ਆ ਰਹੇ ਸਨ। ਰੇਲ ਗੱਡੀ ਵਿੱਚ ਉਨ੍ਹਾਂ ਦੀ ਸੀਟ ਨਾਲ ਲੱਗਦੇ ਸ਼ੀਸ਼ੇ ਉੱਤੇ ਕੋਈ ਚੀਜ਼ ਵੱਜਣਤੇ ਸ਼ੀਸ਼ਾ ਟੁੱਟਣ ਵਾਲੇ ਹਮਲੇ ਤੋਂ ਬਾਅਦ ਏ ਜੀਅਨਮੋਲ



ਰਤਨਸਿੱਧੂ ਨੇ ਪੰਜਾਬ ਪੁਲਸ ਦੇ ਡੀ ਜੀ ਪੀ ਕੋਲ ਸ਼ਿਕਾਇਤ ਦਰਜ ਕਰਵਾਈ ਹੈ।

ਇਸ ਬਾਰੇਏਜੀ ਅਨਮੋਲ ਰਤਨਸਿੱਧੂ ਨੇ ਦੱਸਿਆ ਕਿ ਸੁਪਰੀਮ ਕੋਰਟ ਵਿੱਚ ਲਾਰੈਂਸ ਬਿਸ਼ਨੋਈ ਵਾਲੇ ਕੇਸ ਦੀ ਸੁਣਵਾਈ ਲਈ ਉਹਦਿੱਲੀਗਏ ਸਨ ਅਤੇ ਅੱਜ ਵਾਪਸ ਆਉਂਦੇ ਸਮੇਂ ਇਹ ਘਟਨਾ ਵਾਪਰੀ ਹੈ, ਇਸ ਪੂਰੇ ਕੇਸਵਿ-ਚਕਿਸੇ ਸ਼ਰਾਰਤੀ ਦਿਮਾਗ ਦੀ ਸਾਜ਼ਿਸ਼ ਹੈ ਜਾਂ ਇਹ ਘਟਨਾ ਅਚਾਨਕ ਵਾਪਰੀ ਹੈ, ਇਸ ਦੀ ਜਾਂਚ ਕਰਨ ਲਈ ਇਸ ਕੇਸ ਨੂੰ ਗੰਭੀਰਤਾ ਨਾਲ ਲਿਆ ਜਾ ਰਿਹਾ ਹੈ।ਐਡਵੋਕੇਟ ਜਨਰਲ ਅਨਮੋਲ ਰਤਨ ਸਿੱਧੂ ਨੇ ਦੱਸਿਆ ਕਿ ਸ਼ਾਮ ਸਾਢੇ ਛੇ ਵਜੇ ਪਾਣੀਪਤ ਨੇੜੇ ਜਦੋਂ ਟਰੇਨ ਬੜੀ ਹੌਲੀ ਚੱਲਦੀ ਪਈ ਸੀ ਤਾਂ ਜਿੱਥੇ ਉਹ ਬੈਠੇ ਸਨ,ਕਰੀਬ 8 ਤੋਂ 9 ਲੜਕਿਆਂ ਨੇ ਉਸ ਬਰਥ ਦੇ ਸ਼ੀਸ਼ਿਆਂ ਉਪਰ ਪਥਰਾਅ ਕੀਤਾ। ਇਸ ਪਥਰਾਅਵਿੱਚ ਅਨਮੋਲ ਰਤਨ ਸਿੱਧੂ ਵਾਲ-ਵਾਲ ਬਚ ਗਏ ਤੇ ਉਨ੍ਹਾਂ ਨੂੰ ਕੋਈ ਸੱਟ ਨਹੀਂ ਲੱਗੀ, ਪਰ ਉਨ੍ਹਾਂ ਕਿਹਾ ਕਿ ਉਨ੍ਹਾਂ ਇਸ ਦੀ ਸੂਚਨਾ ਡੀਜੀਪੀ ਪੰਜਾਬਪੁਲਸ ਨੂੰ ਦੇ ਦਿੱਤੀ ਹੈ।

# ਅਕਾਲੀ ਦਲ ਦਾ ਅਲਟੀਮੇਟਮ: ਚੰਡੀਗੜ੍ਹ ਉੱਤੇ ਪੰਜਾਬ ਦੇ ਹੱਕ ਸਰੰਡਰ ਕਰਦਾ ਬਿਆਨ ਮੁੱਖ ਮੰਤਰੀ 20 ਜੁਲਾਈ ਤੱਕ ਵਾਪਿਸ ਲੈਣ



ਚੰਡੀਗੜ੍ਹ, 12 ਜੁਲਾਈ, (ਪੋਸਟ ਬਿਊਰੋ)- ਸ਼੍ਰੋਮਣੀ ਅਕਾਲੀ ਦਲ ਨੇ ਮੁੱਖ ਮੰਤਰੀ ਭਗਵੰਤ ਮਾਨਨੂੰਇਹ ਅਲਟੀਮੇਟਮ ਦਿੱਤਾ ਹੈ ਕਿ ਉਹ ਚੰਡੀਗੜ੍ਹ ਉੱਤੇ ਪੰਜਾਬ ਦੇ ਹੱਕ ਸਰੰਡਰ ਕਰਨ ਵਾਲਾ ਬਿਆਨ 20 ਜੁਲਾਈ ਤੱਕ ਵਾਪਸ ਲੈ ਕੇ ਇਸ ਦੀ ਮੁਆਫੀ ਮੰਗਣ,ਵਰਨਾ ਅਕਾਲੀ ਦਲ ਪੰਜਾਬ ਦੇ ਹੱਕਾਂ ਦੀ ਰਾਖੀ ਲਈ ਸੰਘਰਸ਼ ਸ਼ੁਰੂ ਕਰੇਗਾ।

ਹਰਿਆਣਾ ਦੀ ਵੱਖਰੀ ਵਿਧਾਨ ਸਭਾ ਦੀ ਬਿਲਡਿੰਗ ਬਣਾਉਣ ਦੇ ਲਈ ਚੰਡੀਗੜ੍ਹ ਵਿਚ ਜ਼ਮੀਨ ਦੇਣ ਦੇ ਫੈਸਲੇ ਨੂੰ ਗੈਰ ਕਾਨੂੰਨੀ ਕਰਾਰ ਦਿੰਦੇ ਹੋਏਅੱਜ ਅਕਾਲੀ ਦਲ ਨੇ ਕਿਹਾ ਕਿਜਿਨ੍ਹਾਂ ਦੇ ਹਿੱਤ ਚੰਡੀਗੜ੍ਹ ਮੁੱਦੇ ਨਾਲ ਜੁੜੇ ਹਨ,ਉਨ੍ਹਾਂ ਨਾਲ ਸਲਾਹਕੀਤੇ ਬਗੈਰ ਇਹ ਐਲਾਨ ਕਰਨ ਦਾ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੂੰ ਹੱਕ ਨਹੀਂ।ਅੱਜ ਇਥੇ ਪਾਰਟੀ ਦੀ ਕੋਰ ਕਮੇਟੀ ਮੀਟਿੰਗ ਨੇ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀਪ੍ਰਧਾਨਗੀ ਹੇਠ ਸਰਕਾਰ ਨੂੰ ਅਲਟੀਮੇਟਮ ਜਾਰੀ ਕਰ ਕੇ ਕਿਹਾ ਕਿ ਜਦੋਂਮੁੱਖ ਮੰਤਰੀ ਤੋਂ ਪੁੱਛਿਆ ਕਿ ਕੀ ਉਹ ਪੰਜਾਬ ਵਿਰੋਧੀ ਸਟੈਂਡ ਲੈਣ ਲਈ ਆਮ ਆਦਮੀ ਪਾਰਟੀ ਦੇ ਕਨਵੀਨਰ ਅਰਵਿੰਦ ਕੇਜਰੀਵਾਲ ਦੇ ਕਹੇ ਉੱਤੇ ਚੱਲਦੇ ਹਨ ਤਾਂ ਉਨ੍ਹਾ ਨੇ ਇਸ ਤੋਂ ਭੱਜਣ ਦੀ ਕੋਸ਼ਿਸ਼ ਕੀਤੀ ਹੈ।

ਅਕਾਲੀ ਦਲ ਨੇ ਮੰਗ ਕੀਤੀ ਕਿ ਮੁੱਖ ਮੰਤਰੀ ਭਾਖੜਾ ਬਿਆਸ ਮੈਨੇਜਮੈਂਟ ਬੋਰਡ, ਚੰਡੀਗੜ੍ਹ ਯੂ ਟੀ ਮੁਲਾਜ਼ਮਾਂ ਲਈ ਕੇਂਦਰੀ ਤਨਖਾਹ ਸਕੇਲ ਅਤੇ ਪੰਜਾਬ ਯੂਨੀਵਰਸਿਟੀ ਨੂੰ ਕੇਂਦਰੀ ਯੂਨੀਵਰਸਿਟੀ ਵਿੱਚ ਬਦਲਣ ਸਮੇਤ ਪੰਜਾਬ ਦੇ ਸਾਰੇ ਮੁੱਦਿਆਂ ਉੱਤੇ 20 ਜੁਲਾਈ ਤੱਕ ਜਵਾਬ ਨਾ ਦਿੱਤਾ ਤਾਂ ਅਕਾਲੀ ਦਲ ਦੀ ਤਿੰਨ ਮੈਂਬਰੀ ਕਮੇਟੀ ਹੋਰ ਧਿਰਾਂ ਨਾਲ ਇਸ ਬਾਰੇ ਸਾਂਝੇ ਸੰਘਰਸ਼ ਬਾਰੇਗੱਲਬਾਤ ਕਰੇਗੀ।ਪਾਰਟੀ ਨੇ ਫੈਸਲਾ ਕੀਤਾ ਕਿ 19 ਜੁਲਾਈ ਨੂੰ ਜੰਤਰ ਮੰਤਰ ਦਿੱਲੀ ਵਿਖੇ ਰੋਸ ਪ੍ਰਦਰਸ਼ਨ ਤੇ 20 ਜੁਲਾਈ ਨੂੰ ਦਿੱਲੀ ਦੇਮੁੱਖ ਮੰਤਰੀ ਦੀ ਰਿਹਾਇਸ਼ ਅੱਗੇ ਰੋਸ ਧਰਨਾ ਦਿੱਤਾ ਜਾਵੇਗਾ।

ਅੱਜ ਦੀ ਮੀਟਿੰਗ ਮੌਕੇਕੋਰ ਕਮੇਟੀ ਨੇ ਕਿਹਾ ਕਿ ਮਰਹੂਮ ਗਾਇਕ ਸਿੱਧੂ ਮੂਸੇਵਾਲਾ ਦੇ ਗਾਏ ਐੱਸ ਵਾਈ ਐੱਲਗੀਤ ਵਿੱਚ ਕੁਝ ਵੀ ਇਤਰਾਜ਼ ਨਹੀਂ ਤੇ ਨਾ ਕੰਵਰ ਗਰੇਵਾਲ ਦੇ ਗੀਤ ਰਿਹਾਈ ਵਿੱਚ ਕੁਝ ਇਤਰਾਜ਼ਯੋਗ ਹੈ।ਅਕਾਲੀ ਦਲ ਇਨ੍ਹਾਂ ਦੋਵੇਂ ਗਾਇਕਾਂ ਨਾਲ ਇਕਜੁੱਟਤਾ ਦਾ ਪ੍ਰਗਟਾਵਾ ਕਰੇਗਾ ਤੇ ਯੂਥ ਅਕਾਲੀ ਦਲ ਦੇ ਵਰਕਰ ਇਸ ਪਾਬੰਦੀ ਦੇ ਖਿਲਾਫ ਰੋਸ ਪ੍ਰਗਟ ਕਰਦਿਆਂ ਸਾਰੇ ਜ਼ਿਲ੍ਹਿਆਂ ਵਿਚ ਟਰੈਕਟਰ ਮਾਰਚ ਕੱਢਣਗੇ। ਕੋਰ ਕਮੇਟੀ ਨੇ ਆਮ ਆਦਮੀ ਪਾਰਟੀ ਦੇ ਮੰਤਰੀ ਵੱਲੋਂ ਨਾਰਥ ਜ਼ੋਨ ਕੌਂਸਲ ਦੀ ਮੀਟਿੰਗ ਵਿੱਚ ਐੱਸ ਵਾਈ ਐੱਲ(ਸਤਲੁਜ-ਯਮਨਾ ਲਿੰਕ) ਨਹਿਰ ਦੇ ਕੇਸ ਦੇ ਨਿਪਟਾਰੇ ਲਈ ਟ੍ਰਿਬਿਊਨਲ ਬਣਾਉਣ ਦੀ ਮੰਗ ਨਿਖੇਧੀ ਕੀਤੀ ਤੇ ਇਸਨੂੰ ਪੰਜਾਬ ਦੇ ਦਰਿਆਈ ਪਾਣੀ ਸਿੱਧੇ-ਅਸਿੱਧੇ ਢੰਗ ਨਾਲ ਹਰਿਆਣਾ ਨੂੰ ਦੇਣ ਦੀ ਸਾਜ਼ਿਸ਼ ਕਿਹਾ। ਕਮੇਟੀ ਨੇ ਕਿਹਾ ਕਿ ਕਿਸੇ ਵੀ ਟ੍ਰਿਬਿਊਨਲ ਦੀ ਲੋੜ ਨਹੀਂ, ਕਿਉਂਕਿ ਐੱਸ ਵਾਈ ਐੱਲਇਸ ਵੇਲੇ ਜ਼ਮੀਨੀ ਉੱਤੇ ਹੈ ਹੀ ਨਹੀਂ ਤੇ ਇਸਦੀ ਜ਼ਮੀਨ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੀ ਸਰਕਾਰ ਨੇ ਕਿਸਾਨਾਂ ਨੂੰ ਵਾਪਸ ਦੇ ਦਿੱਤੀ ਸੀ। ਕਮੇਟੀ ਨੇ ਇਹ ਵੀ ਕਿਹਾ ਕਿ ਰਾਈਪੇਰੀਅਨ ਸਿਧਾਂਤਮੁਤਾਬਕ ਦਰਿਆਈ ਪਾਣੀਆਂ ਉੱਤੇ ਪੰਜਾਬ ਦਾਹੱਕਛੱਡਿਆ ਨਹੀਂ ਜਾ ਸਕਦਾ। ਮੀਟਿੰਗ ਨੇ ਰਾਘਵ ਚੱਢਾ ਨੂੰ ਸਲਾਹਕਾਰ ਕਮੇਟੀ ਦਾ ਚੇਅਰਮੈਨ ਲਾਏ ਜਾਣਨੂੰ ਗੈਰ ਸੰਵਿਧਾਨਕ ਕਰਾਰ ਦਿੱਤਾ ਅਤੇ ਕਿਹਾ ਕਿ ਜਿਸਨੇ ਸੰਵਿਧਾਨ ਮੁਤਾਬਕ ਸਹੁੰ ਨਹੀਂ ਚੁੱਕੀ, ਉਹ ਸਰਕਾਰੀ ਫਾਈਲਾਂ ਨਹੀਂ ਵੇਖ ਸਕਦਾ। ਕਮੇਟੀ ਨੇ ਕਿਹਾ ਕਿ ਚੱਢਾ ਦੀ ਨਿਯੁਕਤੀਦਾ ਇਹ ਫੈਸਲਾ ਪੰਜਾਬ ਵੱਲੋਂਦਿੱਤੇ ਫਤਵੇ ਨਾਲ ਧੋਖਾ ਹੈ ਤੇਮੁੱਖ ਮੰਤਰੀ ਨੂੰਏਦਾਂ ਨਹੀਂ ਕਰਨਾ ਚਾਹੀਦਾ।

## ਅੱਜ ਨਾਮਾ

ਕੋਈ ਵੀ ਕਾਰਜ ਵਿਵਾਦ ਤੋਂ ਬਚੇ ਨਹੀਂਉਂ,
ਆਉਂਦੀ ਨਿਕਲ ਹੀ ਬਾਤ ਦੀ ਬਾਤ ਮੀਆਂ।
ਪਹਿਲਾ ਕਰੇ ਦਾਅਵਾ ਕਰੀਆਂ ਨੇਕੀਆਂ ਦਾ,
ਦੱਸਦਾ ਕਰੀ ਜਿਉਂ ਕੋਈ ਕਰਾਮਾਤ ਮੀਆ।
ਦੂਸਰਾ ਨੁਕਸ ਹੈ ਕੱਢਣ ਲਈ ਰੁੱਝ ਜਾਂਦਾ,
ਕਰਦਾ ਈ ਦੋਸ਼ਾਂ ਦੀ ਫੇਰ ਬਰਸਾਤ ਮੀਆਂ।
ਸਮੱਰਥਕ ਦੋਵਾਂ ਦੇ ਮਗਰ ਨਹੀਂ ਘੱਟ ਹੁੰਦੇ,
ਸਿਆਸੀ ਸੋਚ ਲਈ ਮਿੱਤਰ-ਜਮਾਤ ਮੀਆਂ।
ਸਮਝ ਲਓ ਏਹੋ ਕੁਝ ਹੁੰਦਾ ਏ ਲੋਕਤੰਤਰ,
ਕਾਂਵਾਂ-ਰੌਲੀ ਸੰਵਿਧਾਨਕ ਹੈ ਅਮਲ ਮੀਆਂ।
ਆਉਂਦੀ ਸਮਝ ਨਹੀਂ, ਜਾਪਦੀ ਗੱਲ ਇੱਕੋ,
ਚੁਸਤ-ਚਲਾਕੀ ਤੇ ਸਿਰੇ ਦਾ ਕਮਲ ਮੀਆਂ।

**ਤੀਸ ਮਾਰ ਖਾਂ**

# ਪੰਜਾਬ ਪੁਲਿਸ ਦੀ ਸੂਹ ਉੱਤੇ ਗੁਜਰਾਤ ਏ ਟੀ ਐੱਸ ਨੇ 350 ਕਰੋੜ ਦੀ ਹੈਰੋਇਨ ਫੜੀ

* ਬੰਦਰਗਾਹ ਤੋਂ 75 ਕਿੱਲੋ ਹੈਰੋਇਨ ਫੜੀ ਗਈ



ਚੰਡੀਗੜ੍ਹ, 12 ਜੁਲਾਈ, (ਪੋਸਟ ਬਿਊਰੋ)- ਗੁਜਰਾਤ ਪੁਲਸ ਨੇ ਅੱਜ ਇੱਕ ਕਾਰਵਾਈ ਦੌਰਾਨ 350 ਕਰੋੜ ਰੁਪਏ ਦੀ ਕੀਮਤ ਦੀ 75 ਕਿੱਲੋ ਹੇਰੋਇਨ ਪੰਜਾਬ ਪੁਲਸ ਦੀ ਸੂਚਨਾ ਉੱਤੇ ਇੱਕ ਬੰਦਰਗਾਹ ਤੋਂ ਫੜੀ ਹੈ। ਮਿਲੀ ਜਾਣਕਾਰੀ ਅਨੁਾਰ ਪੰਜਾਬ ਪੁਲਿਸ ਨੇ ਗੁਜਰਾਤ ਐਂਟੀ ਟੈਰਰਿਸਟ ਸਕੁਆਡ (ਏ ਟੀ ਐੱਸ) ਨੂੰ ਜਾਣਕਾਰੀ ਦਿੱਤੀ ਸੀ, ਜਿਸ ਦੇ ਆਧਾਰ ਉੱਤੇ ਗੁਜਰਾਤ ਏ ਟੀ ਐੱਸਨੇ ਮੁੰਦਰਾ ਬੰਦਰਗਾਹ ਤੋਂ 75 ਕਿੱਲੋ ਹੇਰੋਇਨ ਬਰਾਮਦ ਕੀਤੀ ਹੈ।ਇਹ ਹੇਰੋਇਨ ਕੱਪੜੇਵਿੱਚ ਲਪੇਟ ਕੇ ਇੱਕ ਕੰਟੇਨ-ਰਵਿੱਚ ਲੁਕਾਈ ਗਈ ਸੀ।

ਪੰਜਾਬ ਪੁਲਿਸ ਦੇ ਸੂਤਰਾਂ ਨੇ ਦੱਸਿਆ ਕਿ ਮੁੰਦਰਾ ਬੰਦਰਗਾਹ ਉੱਤੇ ਨਸ਼ੀਲੇ ਪਦਾਰਥਾਂ ਦੇ ਭੰਡਾਰ ਬਾਰੇ ਸੂਚਨਾ ਉੱਤੇਏ ਟੀ ਐੱਸ ਟੀਮ ਨੇ ਡਾਇਰੈਕਟੋਰੇਟ ਆਫ਼ ਰੈਵੇਨਿਊ ਇੰਟੈਲੀਜੈਂਸ (ਡੀਆਰਆਈ) ਨਾਲ ਮੁਹਿੰਮ ਚਲਾਈ ਹੈ।ਜਾਣਕਾਰ ਸੂਤਰਾਂ ਅਨੁਸਾਰ ਦੁਬਈ ਤੋਂ ਲਿਆਂਦੇ ਕੱਪੜੇ ਦੀ ਆੜਵਿੱਚ ਨਸ਼ੀਲੇ ਪਦਾਰਥਾਂ ਦੀ ਤਸਕਰੀ ਹੁੰਦੀ ਸੀ।ਏ ਟੀ ਐੱਸ ਦੇ ਇੱਕ ਅਧਿਕਾਰੀ ਅਨੁਸਾਰ ਮੁੰਦਰਾ ਬੰਦਰਗਾਹ ਉੱਤੇ ਨਸ਼ੀਲੇ ਪਦਾਰਥਾਂ ਨੂੰ ਜ਼ਬਤ ਕਰਨ ਲਈ ਵਿਸ਼ੇਸ਼ ਮੁਹਿੰਮ ਚਲਾਈ ਜਾ ਰਹੀ ਹੈ।ਵਰਨਣ ਯੋਗ ਹੈ ਕਿ ਇਸ ਤੋਂ ਪਹਿਲਾਂ ਬੀਤੇ ਅਪ੍ਰੈਲ ਵਿੱਚ ਗੁਜਰਾਤ ਏ ਟੀ ਐੱਸ ਨੇ 1419 ਕਰੋੜ ਰੁਪਏ ਮੁੱਲ ਦੀ 205 ਕਿੱਲੋ ਹੇਰੋਇਨ, ਮਈ ਵਿੱਚ 500 ਕਰੋੜ ਰੁਪਏ ਮੁੱਲ ਦੀ 56 ਕਿੱਲੋ ਹੇਰੋਇਨ ਤੇ ਪਿਛਲੇ ਸਾਲ ਸਤੰਬਰ ਵਿੱਚ 21 ਹਜ਼ਾਰ ਕਰੋੜ ਰੁਪਏ ਤੋਂ ਵੱਧ ਮੁੱਲ ਦੀ 3000 ਕਿੱਲੋ ਹੇਰੋਰਿਨ ਫੜੀ ਸੀ।


TAX & ACCOUNTING
TAX | HST REBATE | ADVISORY |
ACCOUNTING | INCORPORATION |
BUSINESS LOAN | PERSONAL TAX
Harcharan S. Grover
Chartered Accountant
ਸਾਨੂੰ ਕਾਲ ਕਰੋ ਤੇ ਆਪਣਾ ਟੈਕਸ ਬਚਾਓ
Call for Professional Advice
905.247.0193
info@grovercpa.ca
GroverCPA Professional Corporation
214-7895 Tranmere Drive, Mississauga ON L5S 1V9

ਪੇਪਰ ਡਲਿਵਰੀ ਵਾਸਤੇ ਕਾਮਿਆਂ ਦੀ ਜ਼ਰੂਰਤ
ਸੈਰ ਸਪਾਟੇ ਨਾਲ ਹੁਣ ਕਰੋ ਕਮਾਈ
Flyer Distribution
ਅਸੀਂ ਪੇਪਰਾਂ ਦੀ ਡਲੀਵਰੀ ਕਰਦੇ ਹਾਂ ਅਤੇ ਸਾਨੂੰ ਵੀਕਡੇਜ਼ ਵਾਸਤੇ ਬੰਦਿਆਂ ਦੀ ਜ਼ਰੂਰਤ ਹੈ ਜਿਨ੍ਹਾਂ ਨੇ ਪੇਪਰਾਂ ਦਾ ਕੰਮ ਕੀਤਾ ਹੋਵੇ ਉਨ੍ਹਾਂ ਨੂੰ ਪਹਿਲ ਦਿੱਤੀ ਜਾਵੇਗੀ।
ਮਾਰਕਟਿੰਗ ਲਈ ਤਜਰੇਬੇਕਾਰ ਪ੍ਰੋਫੈਸ਼ਨਲਜ ਦੀ ਤੁਰੰਤ ਲੋੜ ਹੈ, ਵਧੀਆ ਪੈਕੇਜ
ਰੈਕਸਡੇਲ, ਮਾਲਟਨ ਅਤੇ ਬਰੈਂਪਟਨ ਦੇ ਨਿਵਾਸੀ ਹੀ ਕਾਲ ਕਰਨ।
ਹੋਰ ਜਾਣਕਾਰੀ ਲਈ ਕਾਲ ਕਰੋ। 647-218-7043 647-208-7011

ਆਓ ਸੱਤ ਸਮੁੰਦਰੋਂ ਪਾਰ ਵਾਲਿਆਂ ਦਾ ਵੀ ਸੋਚੀਏ
Super Visa
How your spouse can join you within 4-6 months
How your parents can join you
How students & skilled people can come to Canada
How international Students & Foreign workers can get their immigration
We do appeal for Refusal cases also
Sponsor Your Family
MacroGlobal Immigration Services Ltd.
Seema Bhayana
ICCRC
Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com

SherGill Law Firm
Barrister, Solicitor & Notary Public
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
Paramjit Singh Gill
(MBA,LL.B.)
Tel: 905-790-3636
2565 Steeles Ave E Unit #20, Brampton, ON L6T 4L6
Emergency Contact:
416.910.5676
www.shergilllawfirm.ca

ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates
ਵਨਾਈਲ ਅਤੇ ਐਲੁਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
SINGH (TOCHI)
416-454-3031
647-784-8240
Email: tochisangha1@hotmail.com
CANADIAN GLASS AND WINDOW

ukttc UK TRUCK TRAINING CENTRE
PCC #179958
Registered as a Private Careers College
ਹੁਣ ਕੈਮਬ੍ਰਿਜ ਵਿੱਚ ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge
Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ
Forklift Training
Forklift $79 Recertification
Counterbalance
Reach Truck
ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।
We help in Written Test & in Finding Jobs
20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
7542 Bath Rd, Mississauga, ON L4T 1L2, Off:905.673.7979 | OPEN 7 DAYS uktruck1@gmail.com | Jitpal Singh Deol 647-204-1936

# ਜੇਕਰ ਮਾਂ ਦੀ ਜਾਨ ਖਤਰੇ ਵਿਚ ਹੋਵੇ ਤਾਂ ਹਸਪਤਾਲਾਂ ਨੂੰ ਗਰਭਪਾਤ ਕਰਨਾ ਪਵੇਗਾ

## * ਬਾਈਡਨ ਪ੍ਰਸ਼ਾਸਨ ਵੱਲੋਂ ਦਿਸ਼ਾ-ਨਿਰਦੇਸ਼ ਜਾਰੀ

ਸੈਕਰਾਮੈਂਟੋ 12 ਜੁਲਾਈ (ਹੁਸਨ ਲੜੋਆ ਬੰਗਾ)- ਬਾਈਡਨ ਪ੍ਰਸ਼ਾਸਨ ਨੇ ਕਿਹਾ ਹੈ ਕਿ ਸਿਹਤ ਸੇਵਾਵਾਂ ਦੇਣ ਵਾਲੇ ਹਸਪਤਾਲਾਂ ਨੂੰ ਗਰਭਵਤੀ ਮਾਵਾਂ ਦੀ ਹਰ ਹਾਲਤ ਵਿਚ ਸਿਹਤ ਸੰਭਾਲ ਕਰਨੀ ਪਵੇਗੀ ਤੇ ਜੇਕਰ ਮਾ ਦੀ ਜਾਨ ਖਤਰੇ ਵਿਚ ਹੋਵੇ ਤਾਂ ਗਰਭਪਾਤ ਵੀ ਕੀਤਾ ਜਾ ਸਕਦਾ ਹੈ ਬਾਵਜੂਦ ਇਸ ਦੇ ਕਿ ਸਬੰਧਤ ਰਾਜ ਵਿਚ ਅਜਿਹਾ ਕਰਨਾ ਗੈਰਕਾਨੂੰਨੀ ਹੈ। ਸਿਹਤ ਤੇ ਮਾਨਵੀ ਸੇਵਾਵਾਂ ਬਾਰੇ ਵਿਭਾਗ ਵੱਲੋਂ ਜਾਰੀ ਦਿਸ਼ਾ ਨਿਰਦੇਸ਼ਾਂ ਵਿਚ ਹਸਪਤਾਲਾਂ ਤੇ ਡਾਕਟਰਾਂ ਨੂੰ ਹੰਗਾਮੀ ਹਾਲਤ ਵਿਚ ਉਨਾਂ ਨੂੰ ਜਿੰਮੇਵਾਰੀ ਦਾ ਅਹਿਸਾਸ ਕਰਵਾਇਆ ਗਿਆ ਹੈ। ਸਿਹਤ ਤੇ ਮਾਨਵੀ ਸੇਵਾਵਾਂ ਬਾਰੇ ਸਕੱਤਰ ਐਕਸਾਵੀਰ ਬੀਸੇਰਾ ਨੇ ਹਸਪਤਾਲਾਂ ਤੇ ਡਾਕਟਰਾਂ ਨੂੰ ਲਿਖਤੀ ਰੂਪ ਵਿਚ ਹਦਾਇਤਾਂ ਜਾਰੀ ਕਰਦਿਆਂ ਕਿਹਾ ਹੈ " ਕਾਨੂੰਨ ਤਹਿਤ, ਇਸ ਗੱਲ ਦਾ ਕੋਈ ਮਹੱਤਵ ਨਹੀਂ ਹੈ ਕਿ ਤੁਸੀਂ ਕਿਥੇ ਰਹਿੰਦੇ ਹੋ, ਇਕ ਔਰਤ ਨੂੰ ਹੰਗਾਮੀ ਹਾਲਤ ਵਿਚ ਗਰਭਪਾਤ ਸਮੇਤ ਹਰ ਤਰਾਂ ਦੀਆਂ ਡਾਕਟਰੀ ਸੇਵਾਵਾਂ ਲੈਣ ਦਾ ਅਧਿਕਾਰ ਹੈ।' ਬੀਸੇਰਾ ਨੇ ਕਿਹਾ ਹੈ ਬਾਈਡਨ ਪ੍ਰਸ਼ਾਸਨ ਆਸ ਰਖਦਾ ਹੈ ਕਿ ਪੈਦਾ ਹੋਏ ਹਾਲਾਤ ਨੂੰ ਵੇਖਦਿਆਂ ਹਸਪਤਾਲ ਤੇ ਡਾਕਟਰ ਗਰਭਪਾਤ ਦੀਆਂ ਸੇਵਾਵਾਂ ਜਾਰੀ ਰਖਣਗੇ। ਉਨਾਂ ਜੋਰ ਦੇ ਕੇ ਕਿਹਾ ਹੈ ਕਿ ਸੰਘੀ ਕਾਨੂੰਨ ਤਹਿਤ ਹੰਗਾਮੀ ਹਾਲਤ ਵਿਚ ਕਿਸੇ ਵੀ ਰਾਜ ਦੀ ਗਰਭਪਾਤ ਉਪਰ ਪਾਬੰਦੀ ਅੜਿਕਾ ਨਹੀਂ ਬਣੇਗੀ ਤੇ ਮਾਂ ਦੀ ਜਾਨ ਬਚਾਉਣ ਲਈ ਗਰਭਪਾਤ ਕਰਨਾ ਪਵੇਗਾ। ਬੀਸੇਰਾ ਨੇ ਲਿਖਿਆ ਹੈ ' ਮਰੀਜ਼ਾਂ ਨੂੰ ਬਚਾਉਣਾ ਖਾਸ ਕਰਕੇ ਜੋਖਮ ਵਾਲੇ ਹਾਲਤ ਵਿਚ, ਸਾਡੀ ਉੱਚ ਤਰਜੀਹ ਹੈ। ਸਿਹਤ ਦਾ ਮਾਮਲਾ ਮਰੀਜ਼ਾਂ ਤੇ ਉਨਾਂ ਦੇ ਡਾਕਟਰਾਂ ਦਾ ਮਾਮਲਾ ਹੈ, ਨਾ ਕੇ ਇਹ ਰਾਜਸੀ ਲੋਕਾਂ ਦਾ ਮਾਮਲਾ ਹੈ। ਅਸੀਂ ਔਰਤਾਂ ਦੀ ਸਿਹਤ ਸੰਭਾਲ ਨਾਲ ਸਬੰਧਤ ਮੌਜੂਦ ਹਰ ਸਾਧਨ ਦੀ ਵਰਤੋਂ ਨੂੰ ਯਕੀਨੀ ਬਣਾਵਾਂਗੇ।' ਬਾਈਡਨ ਪ੍ਰਸ਼ਾਸਨ ਦੀਆਂ ਇਹ ਹਦਾਇਤਾਂ ਸੁਪਰੀਮਕੋਰਟ ਦੇ ਉਸ ਨਿਰਨੇ ਦੇ ਦੋ ਹਫਤੇ ਬਾਅਦ ਆਈਆਂ ਹਨ, ਜਿਸ ਨਿਰਨੇ ਵਿਚ ਸਰਬਉੱਚ ਅਦਾਲਤ ਨੇ 1973 ਦਾ ਇਤਿਹਾਸਕ ਫੈਸਲਾ 'ਰੋ ਵੀ ਵੇਡ' ਰੱਦ ਕਰ ਦਿੱਤਾ ਸੀ ਜਿਸ ਤਹਿਤ ਔਰਤ ਨੂੰ ਗਰਭਪਾਤ ਕਰਵਾਉਣ ਦਾ ਸਵਿਧਾਨਕ ਹੱਕ ਦਿੱਤਾ ਗਿਆ ਸੀ। ਇਥੇ ਜਿਕਰਯੋਗ ਹੈ ਕਿ ਸੁਪਰੀਮਕੋਰਟ ਦੇ ਨਿਰਨੇ ਤੋਂ ਬਾਅਦ ਬਾਈਡਨ ਪ੍ਰਸ਼ਾਸਨ ਸਿਹਤ ਸੇਵਾਵਾਂ ਨੂੰ ਲੈ ਕੇ ਭਾਰੀ ਦਬਾਅ ਹੇਠ ਸੀ। ਅਮਰੀਕਾ ਭਰ ਵਿਚ ਇਸ ਨਿਰਨੇ ਵਿਰੁੱਧ ਪ੍ਰਦਰਸ਼ਨ ਹੋਏ ਸਨ ਤੇ ਲੋਕਾਂ ਦੀ ਮੰਗ ਸੀ ਕਿ ਸੁਪਰੀਮ ਕੋਰਟ ਦੇ ਨਿਰਨੇ ਦੇ ਸੰਦਰਭ ਵਿਚ ਸਿਹਤ ਸੰਭਾਲ ਸੇਵਾਵਾਂ ਉਪਰ ਮੁੜ ਵਿਚਾਰ ਕੀਤਾ ਜਾਵੇ।

# ਬਹਿਬਲ ਕਲਾਂ ਗੋਲੀ ਕਾਂਡ ਦੀ ਸੁਣਵਾਈ 20 ਅਗਸਤ ਤੱਕ ਮੁਲਤਵੀ

ਫਰੀਦਕੋਟ, 12 ਜੁਲਾਈ, (ਪੋਸਟ ਬਿਊਰੋ)- ਸਥਾਨਕ ਅਦਾਲਤ ਵਿੱਚ ਅੱਜ ਬਹਿਬਲ ਕਲਾਂ ਗੋਲੀਕਾਂਡ ਦੀ ਸੁਣਵਾਈ ਦੌਰਾਨ ਐਡੀਸ਼ਨਲ ਸੈਸ਼ਨ ਜੱਜ ਰਾਜੀਵ ਕਾਲੜਾ ਇਸ ਕੇਸ ਵਿੱਚ ਦੋਸ਼ ਆਇਦ ਕਰਨ ਦੇ ਕੇਸ ਉੱਤੇ ਬਹਿਸ ਸੁਣਨ ਦੀ ਕਾਰਵਾਈ ਕਰਨ ਵਾਲੇ ਸਨ, ਪਰ ਪੰਜਾਬ ਪੁਲਸ ਦੇ ਸਾਬਕਾ ਮੁਖੀ ਸੁਮੇਧ ਸੈਣੀ ਦੇ ਅਦਾਲਤ ਵਿੱਚ ਪੇਸ਼ ਨਾ ਹੋਣ ਕਾਰਨ ਸੁਣਵਾਈ 20 ਅਗਸਤ ਤੱਕ ਮੁਲਤਵੀ ਕਰ ਦਿੱਤੀ ਗਈ ਹੈ। ਅਦਾਲਤ ਵਿੱਚ ਆਈਜੀ ਪਰਮਰਾਜ ਸਿੰਘ ਉਮਰਾਨੰਗਲ, ਸਾਬਕਾ ਐਸਐਸਪੀ ਚਰਨਜੀਤ ਸ਼ਰਮਾ, ਐੱਸਪੀ ਬਿਕਰਮਜੀਤ ਸਿੰਘ, ਓਦੋਂ ਵਾਲੇ ਐੱਸਐੱਚਓ ਅਮਰਜੀਤ ਸਿੰਘ ਕੁਲਾਰ,



ਕਾਰੋਬਾਰੀ ਪੰਕਜ ਬਾਂਸਲ ਅਤੇ ਸੁਹੇਲ ਸਿੰਘ ਬਰਾੜ ਹਾਜ਼ਰ ਸਨ।

ਵਰਨਣ ਯੋਗ ਹੈ ਕਿ ਇਸ ਕੇਸ ਵਿੱਚ ਫਸੇ ਸਾਬਕਾ ਪੁਲੀਸ ਅਧਿਕਾਰੀਆਂ ਨੇ ਪੰਜਾਬ ਤੇ ਹਰਿਆਣਾ ਹਾਈ ਕੋਰਟ ਵਿੱਚਕੇਸ ਦਾ ਚਲਾਨ ਰੱਦ ਕਰਨ ਲਈ ਜਿਹੜੀਆਂ ਪਟੀਸ਼ਨਾਂ ਕੀਤੀਆਂ ਸਨ, ਉਹ ਹਾਈਕੋਰਟ ਵੱਲੋਂਰੱਦ ਕਰਨ ਪਿੱਛੋਂ ਹਦਾਇਤ ਕੀਤੀ ਗਈ ਸੀ ਕਿ ਜੇ ਉਹ ਆਪਣੀ ਬੇਗੁਨਾਹੀ ਦੀਗੱਲ ਕਰਨੀ ਚਾਹੁੰਦੇ ਹਨ ਤਾਂ ਟਰਾਇਲ ਕੋਰਟ ਵਿੱਚ ਦੋਸ਼ ਆਇਦ ਹੋਣ ਸਮੇਂ ਇਸ ਦੀ ਜਾਣਕਾਰੀ ਦੇਣ।ਪੰਜਾਬ ਹਰਿਆਣਾ ਹਾਈ ਕੋਰਟ ਨੇ ਬਹਿਬਲ ਕਲਾਂ ਗੋਲੀਕਾਂਡ ਦੀ ਜਾਂਚ ਕਰਦੀ ਵਿਸ਼ੇਸ਼ ਜਾਂਚ ਟੀਮ(ਐੱਸਆਈਟੀ) ਨੂੰ ਆਦੇਸ਼ ਦਿੱਤੇ ਸਨ ਕਿ ਉਹ ਇਸ ਦੀ ਰਿਪੋਰਟ ਫਰੀਦਕੋਟ ਅਦਾਲਤ ਨੂੰ ਪੇਸ਼ ਕਰਨ।ਦੋਸ਼ੀ ਪੁਲਿਸ ਅਫਸਰਾਂ ਦੇ ਪੱਖ ਵੱਲੋਂ ਅੱਜ ਅਦਾਲਤ ਵਿੱਚ ਬੇਨਤੀ ਕੀਤੀ ਗਈ ਕਿ ਕੋਟਕਪੂਰਾ ਗੋਲੀਕਾਂਡ ਕੇਸ ਦੀ ਪੜਤਾਲ ਕਰਦੇਐਡੀਸ਼ਨਲ ਡੀ ਜੀ ਪੀ, ਐੱਲਕੇ ਯਾਦਵ ਦੀ ਜਾਂਚ ਰਿਪੋਰਟ ਅਦਾਲਤ ਵਿੱਚਮੰਗੀ ਜਾਵੇ। ਅਦਾਲਤ ਨੇ ਪੰਜਾਬ ਸਰਕਾਰ ਨੂੰ ਨੋਟਿਸ ਦੇ ਕੇ 20 ਅਗਸਤ ਲਈ ਲਿਖਤੀ ਤੌਰ ਉੱਤੇ ਜਵਾਬ ਦੀ ਮੰਗ ਕੀਤੀ ਹੈ।

# ਜੇਲ੍ਹ ਤੋਂ ਨਿਕਲ ਕੇ ਸਾਬਕਾ ਮੰਤਰੀ ਵਿਜੇ ਸਿੰਗਲਾ ਨੇ ਖੁਦ ਨੂੰ ਬੇਕਸੂਰ ਕਿਹਾ

## * ਮਾਨਸਾ ਦੇ ਆਪ ਪਾਰਟੀ ਦਫਤਰ ਵਿੱਚ ਜਾ ਕੇ ਮੀਟਿੰਗ ਕੀਤੀ



ਮਾਨਸਾ, 12 ਜੁਲਾਈ, (ਪੋਸਟ ਬਿਊਰੋ)- ਆਮ ਆਦਮੀ ਪਾਰਟੀ ਦੇ ਵਿਧਾਇਕ ਅਤੇ ਸਾਬਕਾ ਸਿਹਤ ਮੰਤਰੀ ਡਾ: ਵਿਜੇ ਸਿੰਗਲਾ ਨੇ ਕਿਹਾ ਹੈ ਕਿ ਉਹ ਬੇਕਸੂਰ ਹਨ।ਭ੍ਰਿਸ਼ਟਾਚਾਰ ਦੇ ਦੋਸ਼ ਵਿੱਚ ਗ੍ਰਿਫਤਾਰੀ ਪਿੱਛੋਂ ਮਿਲੀ ਜ਼ਮਾਨਤ ਉੱਤੇਜੇਲ੍ਹ ਤੋਂ ਛੁੱਟ ਕੇ ਆਏ ਵਿਜੇ ਸਿੰਗਲਾ ਨੇ ਸਿਰਸਾ-ਬਰਨਾਲਾ ਰੋਡ ਉੱਤੇ ਦਫ਼ਤਰ ਵਿੱਚ ਵਰਕਰਾਂ ਨਾਲ ਮੀਟਿੰਗ ਦੌਰਾਨ ਕਿਹਾ ਕਿ ਉਨ੍ਹਾਂ ਨੇ ਕਿਸੇ ਤੋਂ ਕੋਈ ਪੈਸਾ ਨਹੀਂ ਲਿਆ ਤੇ ਨਾ ਕਦੇ ਮੰਗਿਆ ਹੈ।ਉਨ੍ਹਾਂ ਨੇ ਕਿਹਾ ਕਿ ਇਮਤਿਹਾਨ ਹਰ ਕਿਸੇ ਨੂੰ ਦੇਣਾ ਪੈਂਦਾ ਹੈ, ਉਹ ਵੀ ਦੇਣਗੇ, ਪਰ ਪਾਰਟੀ ਉੱਤੇ ਪੂਰਾ ਭਰੋਸਾ ਹੈ।

ਵਰਨਣ ਯੋਗ ਹੈ ਕਿ ਵਿਜੇ ਸਿੰਗਲਾ ਨੂੰ ਮੁੱਖ ਮੰਤਰੀ ਭਗਵੰਤ ਮਾਨ ਨੇ ਭ੍ਰਿਸ਼ਟਾਚਾਰ ਕਰਨ ਦੇ ਦੋਸ਼ਾਂ ਹੇਠ ਮੰਤਰੀ ਵਜੋਂ ਬਰਖ਼ਾਸਤ ਕਰ ਕੇ ਪੁਲਸ ਨੂੰ ਗ੍ਰਿਫਤਾਰ ਕਰਵਾਦਿੱਤਾ ਸੀ ਤੇ ਉਨ੍ਹਾਂ ਨੂੰ ਹਾਈ ਕੋਰਟ ਤੋਂ ਜ਼ਮਾਨਤ ਮਿਲੀ ਹੈ। ਵਿਜੇ ਸਿੰਗਲਾ ਨੇ ਕਿਹਾ ਕਿ ਉਹ ਪਿਛਲੇ 30 ਸਾਲਾਂ ਤੋਂ ਇਲਾਕੇ ਦੀ ਸੇਵਾ ਕਰ ਰਹੇ ਹਨ ਤੇ ਸਾਲ 2015 ਵਿੱਚ ਉਨ੍ਹਾਂ ਨੇ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋ ਕੇ ਪਾਰਟੀ ਲਈ ਸਖ਼ਤ ਮਿਹਨਤ ਕੀਤੀ ਸੀ। ਪਾਰਟੀ ਨੇ ਉਨ੍ਹਾਂ ਨੂੰ ਅਸੈਂਬਲੀ ਚੋਣ ਲਈ ਮਾਨਸਾ ਸੀਟ ਦੀ ਟਿਕਟ ਦਿੱਤੀ ਤਾਂ ਉਹ ਭਾਰੀ ਵੋਟਾਂ ਨਾਲ ਜਿੱਤੇ ਸਨ।ਉਨ੍ਹਾ ਕਿਹਾ ਕਿ ਪਾਰਟੀ ਦੀ ਇਮਾਨਦਾਰ ਸੋਚ ਦੇ ਅਨੁਸਾਰ ਪੰਜਾਬ ਵਿਚ ਇਸ ਦੀ ਸਰਕਾਰ ਬਣਨ ਉੱਤੇਮੁੱਖ ਮੰਤਰੀ ਭਗਵੰਤ ਮਾਨ ਤੇ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਉਨ੍ਹਾਂ ਨੂੰ ਸਿਹਤ ਮੰਤਰੀ ਬਣਾ ਕੇ ਸਨਮਾਨਿਤ ਕੀਤਾ ਤਾਂ ਉਨ੍ਹਾਂ 18-18 ਘੰਟੇ ਕੰਮ ਕੀਤਾ ਤੇਇਸ ਵਿਭਾਗ ਵਿੱਚ ਕਈ ਤਬਾਦਲੇ ਅਤੇ ਤਰੱਕੀਆਂ ਤੋਂ ਇਲਾਵਾ ਕਈ ਟੈਂਡਰ ਹੋਏ ਸਨ, ਜਿਸ ਦੌਰਾਨ ਉਨ੍ਹਾਂ ਵਿਰੁੱਧ ਕੋਈ ਸਾਜ਼ਿਸ਼ ਹੋਈ ਹੈ।

ਸਾਬਕਾ ਸਿਹਤ ਮੰਤਰੀ ਵਿਜੇ ਸਿੰਗਲਾ ਨੇ ਕਿਹਾ ਕਿ ਹਲਕਾ ਮਾਨਸਾ ਵਿੱਚ ਮੈਡੀਕਲ ਕਾਲਜ ਖੋਲ੍ਹਣ ਜਾਂ ਏਥੋਂ ਦਾ ਸੀਵਰੇਜ ਸਿਸਟਮ ਠੀਕ ਕਰਨ ਦੀ ਗੱਲ ਹੋਵੇ, ਹਲਕੇ ਦੇ ਸਾਰੇ ਪ੍ਰੋਜੈਕਟ ਪੂਰੇ ਕੀਤੇ ਜਾਣਗੇ। ਉਨ੍ਹਾਂ ਕਿਹਾ ਕਿ ਮੈਂ ਕਿਸੇ ਦਾ ਵਿਰੋਧ ਨਹੀਂ ਕਰਨਾ, ਵਿਕਾਸ ਕਾਰਜ ਨੇਪਰੇ ਚਾੜ੍ਹਨ ਵਿੱਚ ਆਪਣਾ ਯੋਗਦਾਨ ਪਾਉਣਾ ਹੈ।

# ਸੰਤ ਬਾਬਾ ਲੱਖਾ ਸਿੰਘ ਨਾਨਕਸਰ ਵਾਲੇ ਟੋਰਾਂਟੋ ਫੇਰੀ ’ਤੇ



ਨਾਨਕਸਰ ਕਲੇਰਾਂ ਵਾਲੇ ਸੰਤ ਬਾਬਾ ਲੱਖਾ ਸਿੰਘ ਜੀ ਅੱਜ ਕੱਲ੍ਹ ਟੋਰਾਂਟੋ ਫੇਰੀ ਤੇ ਆਏ ਹੋਏ ਹਨ। ਏਥੇ ਉਹ ਵੱਡੇ ਸਮਾਗਮਾਂ ਰਾਹੀਂ ਸੰਗਤਾਂ ਨੂੰ ਗੁਰਬਾਣੀ ਨਾਲ਼ ਜੋੜ ਰਹੇ ਹਨ। ਇਸ ਤੋਂ ਪਹਿਲਾਂ ਉਹ ਅਮੈਰਿਕਾ ਅਤੇ ਕੈਨੇਡਾ ਵੈਸਟ ਦੀ ਫੇਰੀ ਕਰ ਚੁੱਕੇ ਹਨ ਜਿੱਥੇ ਵੱਖ-ਵੱਖ ਸਮਾਗਮਾਂ ਰਾਹੀਂ ਸੰਗਤਾਂ ਨਾਲ਼ ਵਿਚਾਰ-ਵਟਾਂਦਰੇ ਕਰ ਚੁੱਕੇ ਹਨ। ਟੋਰਾਂਟੋ ਵਿੱਚ ਉਹਨਾਂ ਦੇ ਸਮਾਗਮਾਂ ਸਬੰਧੀ ਵਧੇਰੇ ਜਾਣਕਾਰੀ ਲੈਣ ਲਈ 1-778-981-1002 ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਸਿਰ ਉੱਤੇ ਸੱਟਾਂ ਮਾਰ ਕੇ ਪ੍ਰਵਾਸੀ ਮਜ਼ਦੂਰ ਦਾ ਕਤਲ

ਨਕੋਦਰ, 12 ਜੁਲਾਈ (ਪੋਸਟ ਬਿਊਰੋ)- ਨੇੜਲੇ ਪਿੰਡ ਜਗਜੀਤਗੜ੍ਹ ਖੋਸੇ ਵਿਖੇ ਬੀਤੀ ਰਾਤ ਭੇਤਭਰੇ ਹਾਲਾਤ ਵਿੱਚ ਇੱਕ ਪ੍ਰਵਾਸੀ ਮਜ਼ਦੂਰ ਦਾ ਕਤਲ ਹੋ ਗਿਆ। ਘਟਨਾ ਦੀ ਸੂਚਨਾ ਮਿਲਦੇ ਸਾਰ ਕੱਲ੍ਹ ਡੀ ਐਸ ਪੀ ਨਕੋਦਰ ਹਰਜਿੰਦਰ ਸਿੰਘ ਸਮੇਤ ਪੁਲਸ ਪਾਰਟੀ ਮੌਕੇ ਉੱਤੇ ਪਹੁੰਚੇ ਉੱਤੇ ਜਾਂਚ ਸ਼ੁਰੂ ਕੀਤੀ। ਮ੍ਰਿਤਕ ਦੀ ਪਛਾਣ ਰਾਮ ਬਿਲਾਸ ਰਿਸ਼ੀ ਪੁੱਤਰ ਅਨਰੂਟ ਰਿਸ਼ੀ ਪਿੰਡ ਛਿੱਟ ਬੱਲੂਆ ਜ਼ਿਲ੍ਹਾ ਪੂਰਨੀਆ ਬਿਹਾਰ ਵਜੋਂ ਹੋਈ ਹੈ।

ਸਦਰ ਥਾਣਾ ਮੁਖੀ ਬਿਸ਼ਮਨ ਸਿੰਘ ਨੇ ਦੱਸਿਆ ਕਿ ਮ੍ਰਿਤਕ ਰਾਮ ਬਿਲਾਸ ਆਪਣੇ ਬੱਚਿਆਂ ਅਤੇ ਹੋਰ ਪਰਵਾਰਕ ਮੈਂਬਰਾਂ ਨਾਲ ਊਧਮ ਸਿੰਘ ਦੀ ਹਵੇਲੀ ਵਿੱਚ ਪਿੰਡ ਜਗਜੀਤਗੜ੍ਹ ਖੋਸੇ ਵਿਖੇ ਰਹਿੰਦਾ ਸੀ। ਬੀਤੀ ਰਾਤ ਅਣਪਛਾਤੇ ਲੋਕਾਂ ਨੇ ਰਾਮ ਬਿਲਾਸ ਦੇ ਸਿਰ ਵਿੱਚ ਤੇਜ਼ ਹਥਿਆਰਾਂ ਨਾਲ ਸੱਟਾਂ ਮਾਰ ਕੇ ਕਤਲ ਕਰ ਦਿੱਤਾ।ਮ੍ਰਿਤਕ ਦੇ ਸਾਂਢੂ ਵਿਨੋਦ ਰਿਸ਼ੀ ਪੁੱਤਰ ਮਹਾਂ ਨੰਦ ਰਿਸ਼ੀ ਵਾਸੀ ਬਿਹਾਰ ਦੇ ਬਿਆਨਾਂ ਉੱਤੇ ਅਣਪਛਾਤੇ ਵਿਅਕਤੀਆਂ ਖ਼ਿਲਾਫ਼ ਥਾਣਾ ਸਦਰ ਵਿਖੇ ਮਾਮਲਾ ਦਰਜ ਕੀਤਾ ਗਿਆ ਹੈ।ਪੁਲਸ ਨੇ ਸ਼ੱਕ ਦੇ ਉੱਤੇ ਸੰਦੀਪ ਮਿਸਤਰੀ ਵਾਸੀ ਫਰਕੀਆ ਥਾਣਾ ਬੌਸੀ ਬਸੀਟੀ (ਬਿਹਾਰ), ਸੁਮਨ ਦੇਵੀ ਵਾਸੀ ਪਟਹਾਰਾ ਜ਼ਿਲ੍ਹਾ ਪੂਰਨੀਆ (ਬਿਹਾਰ) ਕੰਚਨ ਦੇਵੀ ਤੇ ਹੋਰਨਾਂ ਨੂੰ ਹਿਰਾਸਤ ਵਿੱਚ ਲਿਆ ਹੈ।

















# ਡਾਕਟਰ ਹਰਬੰਸ ਕੌਰ ਗਿਲ ਦਾ ਕਾਵਿ-ਸੰਗ੍ਰਹਿ 'ਰੂਹ ਦੇ ਰੰਗ' ਲੋਕ ਅਰਪਨ




ਚੰਡੀਗੜ੍ਹ 11 ਜੁਲਾਈ (ਗਿਆਨ ਸਿੰਘ) ਸਿੱਖਿਆ ਅਤੇ ਪਸਾਹਿਤ ਦੇ ਸੁਮੇਲ ਗੀਤ ਵਰਗੀ ਸ਼ਾਇਰਾ ਡਾਕਟਰ ਹਰਬੰਸਵ ਕੌਰ ਗਿੱਲ ਦਾ ਚ ਕਾਵਿ- ਸੰਗ੍ਰਹਿ 'ਰੂਹ ਦੇ ਰੰਗ ' ਪੰਜਾਬ ਆਰਟਸ ਕਾਂਉੂਸਲ ਦੇ ਸਹਿਯੋਗ ਨਾਲ ਲੋਕ ਅਰਪਨ ਕੀਤਾ ਗਿਆ । ਮੁੱਖ ਮਹਿਮਾਨ ਪੰਜਾਬ ਵਿਧਾਨ ਸਭਾ ਦੇ ਸਾਬਕਾ ਡਿਪਟੀ ਸਪੀਕਰ ਬੀਰਦਵਿੰਦਰ ਸਿੰਘ ਅਤੇ ਪ੍ਰਧਾਨਗੀ ਡਾਕਟਰ ਲਖਵਿੰਦਰ ਸਿੰਘ ਜੌਹਲ਼ ਪ੍ਰਧਾਨ ਸਾਹਿਤ ਅਕਾਦਮੀ ਲੁਧਿਆਣਾ ਨੇ ਕੀਤੀ । ਦੀਪਕ ਚਨਾਰਥਲ ਨੇ ਪ੍ਰਧਾਨਗੀ ਮੰਡਲ ਨੂੰ ਜੀ-ਆਇਆਂ ਆਖਿਆ ਅਤੇ ਡਾ: ਗੁਰਦੇਵ ਸਿੰਘ ਗਿੱਲ ਨੇ ਸਾਰਿਆਂ ਦੀ ਜਾਣ ਪਹਿਚਾਣ ਕਰਵਾਈ। ਇਸ ਮੌਕੇ ਬੀਰਦਵਿੰਦਰ ਸਿੰਘ ਨੇ ਕਿਹਾ ਕਿ ਡਾ ਗਿੱਲ ਦੀ ਕਾਵਿ ਕਲਾ ਅਤੇ ਗ਼ਜ਼ਲਾਂ ਭਾਸ਼ਾਈ ਮਿਆਰ ਤੇ ਖਰੇ ਉਤਰਦੇ ਹਨ ਜੋ ਨਾਪ ਤੋਲ ਵਿੱਚ ਵੀ ਪਰਪੱਕ ਹਨ । ਇਸ ਮੌਕੇ ਨਵਨੀਤ ਕੌਰ ਨੇ ਗੱਲ ਨੂੰ ਅੱਗੇ ਤੋਰਦਿਆਂ ਕਿਹਾ ਕਿਗ ਡਾ: ਗਿੱਲ ਨੇ ਨਾਰੀ ਦੇ ਅਹਿਸਾਸਾਂ ਨੂੰ ਆਪਣੀਆਂ ਕਵਿਤਾਵਾਂ ਵਿੱਚ ਭਾਵਪੂਰਤ ਢੰਗ ਤੇ ਸ਼ਿੱਦਤ ਨਾਲ ਰੂਪਮਾਨ ਕੀਤਾ ਹੈ। ਇਸ ਉਪਰੰਤ ਉਸਨੇ ਖ਼ੂਬਸੂਰਤ ਗ਼ਜ਼ਲ ਪੇਸ਼ ਕੀਤੀ । ਪ੍ਰੋਗਰਾਮ ਦੌਰਾਨ ਡਾ ਰਾਜਿੰਦਰਪਾਲ ਸਿੰਘ ਬਰਾੜ ਡੀਨ ਭਾਸ਼ਾਵਾਂ. ਪੰਜਾਬੀ ਯੂਨੀਵਰਸਿਟੀ ਪਟਿਆਲ਼ਾ ਨੇ ਕਿਹਾ ਕਿ ਡਾ: ਗਿੱਲ ਆਪਣੀ ਲੋਕ ਪੱਖੀ ਸਿਰਜਣਾ ਨਾਲ ਆਵਾਮ ਨੂੰ ਚੇਤੰਨ ਅਤੇ ਆਉਣ ਵਾਲੀ ਪੀੜ੍ਹੀ ਦੀ ਅਗਵਾਈ ਕਰਦੀ ਹੈ । ਗ਼ਜ਼ਲ ਵਿੱਚ ਮੁਹਾਰਤ ਰੱਖਣ ਵਾਲੇ ਆਹਲਾ ਸ਼ਾਇਰ ਸੁਲੱਖਣ ਸਰਹੱਦੀ ਅਤੇ ਨਾਮਵਰ ਲੇਖਕ ਦਰਸ਼ਨ ਬੁੱਟਰ ਨੇ ਵਿਚਾਰ ਪ੍ਰਗਟ ਕਰਦਿਆਂ ਕਿਹਾ ਕਿ ਹਰਬੰਸ ਕੌਰ ਗਿੱਲ ਸਹਿਜ ਤੇ ਸੁਮੇਲ ਵਾਲੀ ਧੀਮੀ ਤੇ ਸੰਵੇਦਨਸ਼ੀਲ ਸ਼ਾਇਰਾ ਹੈ ਜੋ ਕਲਮ ਨੂੰ ਹਥਿਆਰ ਵਾਂਗ ਵਰਤਣ ਦੀ ਜਾਂਚ ਰੱਖਦੀ ਹੈ । ਸਿਰਮੌਰ ਸ਼ਾਇਰ ਡਾਕਟਰ ਲਖਵਿੰਦਰ ਜੌਹਲ਼ ਨੇ ਡਾ; ਗਿੱਲ ਨੂੰ ਵਧਾਈ ਪੇਸ਼ ਕਰਦਿਆਂ ਪੰਜਾਬ ਦੀ ਸੁਲੱਖਣੀ ਧੀ ਕਿਹਾ ਅਤੇ ਕਾਵਿ ਚਿੰਤਨ ਵਿੱਚ ਉਹ ਮੁੜ੍ਹਕੇ ਦਾ ਮੋਤੀ ਬਣ ਲਿਸ਼ਕੀ ਹੈ ਅਤੇ ਉਸਨੇ ਸਾਹਿਤ ਸਿਰਜਣਾ ਦੀ ਨਿਰੰਤਰਤਾ ਨੂੰ ਕਾਇਮ ਰੱਖਿਆਂ ਹੈ । ਸਮਾਗਮ ਦੌਰਾਨ ਨਵਨੀਤ ਕੌਰ, ਸਵਰਨ ਸਿੰਘ, ਡਾ: ਦਲਬੀਰ ਸਿੰਘ ਢਿੱਲੋਂ ਸਾਬਕਾ ਚੇਅਰਮੈਨ ਪੰਜਾਬ ਸਕੂਲ ਸਿੱਖਿਆ ਬੋਰਡ, ਡਾਕਟਰ ਸੁਖਨਿੰਦਰ ਕੌਰ :ਆਦਿ ਹਾਜ਼ਰ ਸਨ । ਅਖੀਰ ਵਿੱਚ ਡਾਕਟਰ ਹਰਬੰਸ ਕੌਰ ਗਿੱਲ ਨੇ ਸਮਾਗਮ ਨੂੰ ਚਾਰ ਚੰਨ ਲਾਉਣ ਲਈ ਪਹੁੰਚੇ ਸਮੂਹ ਮਹਿਮਾਨਾਂ ਦਾ ਦਿਲ ਦੀਆਂ ਗਹਿਰਾਈਆਂ ਤੋਂ ਧੰਨਵਾਦ ਕੀਤਾ।







## ਪਲਾਟ ਵਿਕਾਊ

ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਦੇ ਨਜ਼ਦੀਕ ਪਲਾਟ ਵਿਕਾਊ ਹੈ। GT Road ਤੋਂ ਸਿਰਫ 400 ਮੀਟਰ ਦੂਰੀ 'ਤੇ। ਸ੍ਰੀ ਗੁਰੂ ਤੇਗ ਬਹਾਦਰ ਨਗਰ ਵਿਚ 10 ਮਰਲੇ ਦਾ ਪਲਾਟ ਵਿਕਾਊ ਹੈ।। ਖੁੱਲ੍ਹੀਆਂ ਸੜਕਾਂ ਪਾਰਕ ਆਦਿ ਦੀ ਸਹੂਲਤ।

ਫੋਨ ਨੰਬਰ 917837596119
647-760-2769










## ਲੜਕੀ ਦੀ ਲੋੜ


ਸਰਾ ਪਰਿਵਾਰ ਦਾ ਲੜਕਾ, ਉਮਰ 33 ਸਾਲ, ਕੱਦ 5 ਫੁੱਟ 10 ਇੰਚ, ਬੀਬੀਏ ਕੀਤੀ ਹੋਈ ਹੈ, ਵਰਤਮਾਨ ਵਿਚ ਭਾਰਤ ਵਿਚ ਬਿਜ਼ਨਸ ਕਰ ਰਿਹਾ ਹੈ ਤੇ ਭਵਿੱਖ ਵਿਚ ਕੈਨੇਡਾ ਵਿਚ ਟਰਾਂਸਪੋਰਟੇਸ਼ਨ ਦਾ ਬਿਜ਼ਨਸ ਖੋਲ੍ਹਣ ਜਾ ਰਿਹਾ ਹੈ, ਲਈ ਸੁੰਦਰ ਸੁਸ਼ੀਲ ਲੜਕੀ ਦੀ ਲੋੜ ਹੈ। ਸੰਪਰਕ: 437-332-8422,
ਈ ਮੇਲ puneetasra17october@gmail.com

ਜੱਟ ਸਿੱਖ ਅੰਮ੍ਰਿਤਧਾਰੀ ਲੜਕਾ, ਉਮਰ 30 ਸਾਲ, ਕੱਦ 5'11'', B.A./B.Sc., 3 ਸਾਲ ਇੰਸ਼ੋਰੈਂਸ ਕੰਪਨੀ ਵਿਚ ਕੰਮ ਕੀਤਾ, ਹੁਣ ਡੀ.ਵੀ. ਮਾਰਟ ਕੰਪਨੀ ਲੁਧਿਆਣਾ ਵਿਖੇ ਕੰਮ ਕਰ ਰਿਹਾ ਹੈ। ਲੜਕਾ ਇੰਡੀਆ ਵਿਚ ਰਹਿ ਰਿਹਾ ਹੈ, ਚੰਗੀ ਜ਼ਮੀਨ ਹੈ ਤੇ ਇੱਕ ਭੈਣ ਕੈਨੇਡਾ ਵਿਚ ਵੈਲ ਸੈਟਲਡ ਹੈ, ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ ਉਤੇ ਰਹਿ ਰਹੀ ਲੜਕੀ ਦੀ ਲੋੜ ਹੈ। ਇੰਡੀਆ ਵਿਚ ਚੰਗੀ ਪੜ੍ਹੀ ਲਿਖੀ ਲੜਕੀ ਦਾ ਪਰਿਵਾਰ ਵੀ ਸੰਪਰਕ ਕਰ ਸਕਦਾ ਹੈ। ਸੰਪਰਕ: 416-219-8282, arshdeepkaurthind9@gmail.com.

Beautiful match, below 35yrs, for smart JatSikh boy, Canada PR, 39/5-11" BE/MBA, Highly paid job, R/U property in Canada/India, issueless divorcee, caste no bar, respond only with pics & details. **Whatsapp +16474968844 Email : matchjatt2018@gmail.com**

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਅੱਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5''8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013







## ਲੜਕੀ ਦੀ ਲੋੜ

Looking for a Suitable match for Khatri Punjabi boy 36 yrs old 5,6.Boy have multiple Visitor Visa. Legally Divorced after a Short Marriage no issue .Boy is in Canada right now. Sister Well Settled in Toronto. No Caste bar, looking for Canadian P.R. or Citizen Contact on 6473004877
Email :- komal1128@gmail.com

ਸਿੱਖ ਅਰੋੜਾ ਲੜਕਾ, ਇਸ ਸਮੇਂ ਵਿਜ਼ਿਟਰ ਵੀਜ਼ੇ 'ਤੇ ਕੈਨੇਡਾ ਵਿਚ, ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤੀ ਬੰਧਨ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

Well settled Punjabi Arora family seeks match for their PR son 34 years old, 6 feet tall, M.Com LLB, never smoking, never drinking, vegetarian, legally divorced after very short marriage, no relationship. Boy is almost unmarried. He is working as an officer in Leading Canadian Bank. Seeks educated family oriented girl from families in Canada/USA or new immigrant, PR, student or on work permit. Girl with very short marriage or never married will be preferred. Parents please send Bio-data and photo. Whatsapp or call at +1 9734209701, 437-770-3644 or email at ssjuneja@gmail.com.

ਜੱਟ ਸਿੱਖ ਲੜਕਾ ਉਮਰ 35 ਸਾਲ ਕੱਦ 5'11'' ਕਨੇਡੀਅਨ ਜਮ-ਪਲ, ਗੌਰਮਿੰਟ ਨੌਕਰੀ ਕਰਦਾ ਹੈ, ਦੇ ਵਾਸਤੇ ਲੜਕੀ ਦੀ ਲੋੜ ਹੈ।ਲੜਕੀ ਸਿੱਖ ਪਰਵਾਰ ਦੀ ਹੋਵੇ ਕੋਈ ਜਾਤ ਪਾਤ ਨਹੀਂ, ਲੜਕੀ ਪੀਆਰ ਜਾਂ ਸਟੂਡੈਂਟ ਹੋਵੇ ਤਾਂ ਵੀ ਵਿਚਾਰ ਕੀਤੀ ਜਾ ਸਕਦੀ ਹੈ।ਵਧੇਰੇ ਜਾਣਕਾਰੀ ਲਈ ਸੰਪਰਕ ਕਰੋ: (647)297-6661

ਜੱਟ ਸਿੱਖ ਢਿੱਲੋਂ ਪਰਿਵਾਰ ਦਾ ਲੜਕਾ, ਉਮਰ 21 ਸਾਲ, ਕੱਦ 5'9'', ਕੈਨੇਡਾ ਵਿਚ ਰਹਿ ਰਹੇ ਲੜਕੇ ਲਈ ਕੈਨੇਡੀਅਨ ਪੀ.ਆਰ./ਸਿਟੀਜਨ/ਵਰਕ ਪਰਮਿਟ/ਸਟੂਡੈਂਟ ਲੜਕੀ ਦੀ ਜਰੂਰਤ ਹੈ। ਲੜਕੀ ਦੀ ਉਮਰ 18 ਤੋਂ 22 ਸਾਲ ਦੀ ਹੋਵੇ। ਸੰਪਰਕ: 437-223-2664

ਕੈਨੇਡਾ ਵਿਚ ਵੈੱਲ ਸੈਟਲਡ ਪੀ.ਆਰ. ਲੜਕਾ, ਟਰੱਕਿੰਗ ਇੰਡਸਟਰੀ ਵਿਚ ਵਧੀਆ ਨੌਕਰੀ ਕਰ ਰਿਹਾ, ਉਮਰ 30 ਸਾਲ, ਕੱਦ 5'9'' ਲਈ ਕੈਨੇਡੀਅਨ ਪੀ.ਆਰ./ਸਿਟੀਜਨ, ਵਰਕ ਪਰਮਿਟ ਜਾਂ ਆਪਣੇ ਪਰਿਵਾਰ ਨਾਲ ਰਹਿ ਰਹੀ ਲੜਕੀ ਦੀ ਲੋੜ ਹੈ। ਲੜਕੇ ਦੀ ਭੇਣ ਕੈਨੇਡਾ ਵਿਚ ਆਪਣੇ ਪਰਿਵਾਰ ਨਾਲ ਰਹਿੰਦੀ ਹੈ। ਸੰਪਰਕ: 647-608-4013




## ਕੇਅਰ ਗਿਵਰ ਦੀ ਲੋੜ



ਬਜੁਰਗ ਔਰਤ ਨੂੰ ਸੰਭਾਲਣ ਲਈ ਕੇਅਰ ਗਿਵਰ ਦੀ ਲੋੜ ਹੈ। ਵਧੀਆ ਤਨਖਾਹ ਦਿੱਤੀ ਜਾਵੇਗੀ। 'PR' ਲਈ ਮੱਦਦ ਕੀਤੀ ਜਾਵੇਗੀ। Location 'Winnipeg, MB' ਜ਼ਿਆਦਾ ਜਾਣਕਾਰੀ ਲਈ ਸੰਪਰਕ ਕਰੋ:

**204-333-9000, 416-818-3777**

## ਲੜਕੇ ਦੀ ਲੋੜ

ਕੈਨੇਡਾ ਪੀ ਆਰ ਲੜਕੀ ਨਾਈ ਸਿੱਖ /ਲੱਖਣਪਾਲ ਲਈ ਸ਼ੁਧ ਵੈਸ਼ਨੂੰ ਵਰ ਦੀ ਲੋੜ। ਤਰਜੀਹ ਕੈਨੇਡਾ। ਜਨਮ 13/12/1991, ਕੱਦ 5'7", ਭਾਰਤ ਤੋਂ M.Com ਅਤੇ ਕੈਨੇਡਾ ਤੋ ਪੋਸਟ ਗਰੈਡ ਡਿਪਲੋਮਾ HRM ਇੱਕ ਭੈਣ ਤੇ ਇੱਕ ਭਰਾ ਵਿਆਹੇ ਦੋਵੇ ਕੈਨੇਡਾ PR ਫੋਨ +12049148700 +919569557850

ਜੱਟ ਸਿੱਖ ਗਿੱਲ ਪਰਿਵਾਰ ਦੀ ਸੁੰਦਰ ਤੇ ਸੁਸ਼ੀਲ ਲੜਕੀ, ਜਨਮ ਮਿਤੀ 04-02-1991, ਕੱਦ 5 ਫੁੱਟ 3 ਇੰਚ, ਬੀਐਸਸੀ, ਐਮਐਸਸੀ (ਹਾਨਰਜ਼) ਬਾਇਓਫਿਜਿਕਸ + ਐਲਐਲਬੀ ਕੀਤੀ ਹੋਈ ਹੈ। ਆਈਲੈਟਸ ਵਿਚੋਂ 8 ਬੈਂਡ ਹਨ। ਐਕਸਪ੍ਰੈਸ ਐਂਟਰੀ ਵਿਚ ਇੰਡੀਆ ਤੋਂ ਕੈਨੇਡਾ ਪੀਆਰ ਦੀ ਫਾਈਲ ਲੱਗੀ ਹੋਈ ਹੈ। ਅੱਜ ਕੱਲ੍ਹ ਪੰਜਾਬ ਅਤੇ ਹਰਿਆਣਾ ਹਾਈਕੋਰਟ ਵਿਚ ਵਕੀਲ ਹੈ। ਲੜਕੀ ਨਾਨ ਵੈਜ ਖਾ ਲੈਂਦੀ ਹੈ। ਪੂਰਾ ਪਰਿਵਾਰ ਕੋਟਕਪੂਰਾ, ਜ਼ਿਲਾ ਫਰੀਦਕੋਟ, ਪੰਜਾਬ ਵਿਖੇ ਰਹਿ ਰਿਹਾ ਹੈ। ਨਿਊਕਲੀਅਰ ਪਰਿਵਾਰ ਹੈ, ਇਕ ਭਰਾ ਕੈਨੇਡਾ ਵਿਚ ਪੀਆਰ ਹੈ। ਲੜਕੀ ਦੇ ਪਿਤਾ ਪੰਜਾਬ ਪੁਲਸ ਵਿਚ ਨੌਕਰੀ ਕਰ ਰਹੇ ਹਨ। ਲੜਕੀ ਲਈ ਜੱਟ ਸਿੱਖ ਪਰਿਵਾਰ ਦੇ ਕੈਨੇਡਾ ਜਾਂ ਅਮਰੀਕਾ ਵਿਚ ਰਹਿੰਦੇ ਪੜ੍ਹੇ ਲਿਖੇ ਲੜਕੇ ਦੀ ਲੋੜ ਹੈ। ਸੰਪਰਕ:- ਕੈਨੇਡਾ +16476866500

Looking for PQ and Genuine Jat Sikh boy for 35/5 -7" beautiful, slim Software Engineer girl working in GTA (Canada PR) Innocently divorced in few months (Non-consummated Marriage).Caste no bar.Respond with your details at bestmatri10@gmail.com/+1647-267-3104

ਜੱਟ ਸਿੱਖ ਉਮਰ 35 ਸਾਲ ਕੱਦ 5'11'' ਪਤਲੀ ਰੰਗ ਗੋਰਾ, ਜਿਸ ਦੇ ਪਹਿਲੇ ਪਤੀ ਦੀ ਮੌਤ ਹੋ ਚੁਕੀ ਹੈ ਅਤੇ 9 ਸਾਲ ਦੀ ਇਕ ਲੜਕੀ ਹੈ। ਚੰਗੀ ਜਾਇਦਾਦ ਦੀ ਮਾਲਕ ਹੈ। ਲੋੜ ਪੈਣ ਤੇ 9 ਸਾਲ ਦੀ ਲੜਕੀ ਵੀ ਉਸ ਦੀ ਭੈਣ ਦੁਆਰਾ ਅਡਾਪਟ ਕੀਤੀ ਜਾ ਸਕਦੀ ਹੈ, ਲਈ ਅਮਰੀਕਨ ਜਾਂ ਕਨੇਡੀਅਨ ਇੰਮੀਗਰਾਂਟ ਵਰ ਦੀ ਲੋੜ ਹੈ। ਜਿਆਦਾ ਜਣਕਾਰੀ ਲਈ ਹੇਠ ਲਿਖੇ ਨੰ ਤੇ ਸੰਪਰਕ ਕੀਤਾ ਜਾ ਸਕਦਾ ਹੈ। 1-780-604-6580

Seeking a suitable match for Canadian citizen Ramdasia Sikh (GNM). Born August 1987 and height 5'1 .Working as a unit clerk (Government of Alberta) . Boy should be vegetarian and educated.Family settled in Canada Mother and Father in India.Please send complete biodata and pictures at ekamjotdahiya@gmail.com Contact number-+17802222608, +919988297352

ਜੱਟ ਸਿੱਖ ਢਿੱਲੋਂ ਪਰਿਵਾਰ ਦੀ ਲੜਕੀ, ਉਮਰ 28 ਸਾਲ, ਕੱਦ 5'2'' ਕੈਨੇਡੀਅਨ ਪੀ.ਆਰ. ਲਈ ਪੜ੍ਹੇ ਲਿਖੇ ਅਤੇ ਵੈਲ ਸੈਟਲਡ ਪੀ.ਆਰ./ਸਿਟੀਜਨ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 25 ਤੋਂ 30 ਸਾਲ ਦੇ ਵਿਚਕਾਰ ਹੋਵੇ। ਸੰਪਰਕ: 437-223-2664

ਜੱਟ ਸਿੱਖ ਲੜਕੀ, ਉਮਰ 33 ਸਾਲ, ਕੱਦ 5 ਫੁੱਟ 4 ਇੰਚ, ਇੰਡੀਆ ਤੋਂ MBA ਅਤੇ ਕੈਨੇਡਾ ਤੋਂ Marketing Management, Food Media ਦੀ ਪੜ੍ਹਾਈ ਕੀਤੀ ਹੋਈ ਹੈ। ਇੱਥੇ Health Care Screener ਦੇ ਤੌਰ 'ਤੇ ਕੰਮ ਕਰਦੀ ਹੈ, ਲਈ ਕੈਨੇਡੀਅਨ ਜਾਂ ਅਮਰੀਕਨ PR/Citizen ਲੜਕੇ ਦੀ ਲੋੜ ਹੈ। ਸੰਪਰਕ: 437-332-8422 E-mail : puneetasra17october@gmail.com

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com



# ਦਿਨ ਪ੍ਰਤੀ ਦਿਨ ਵਧਦੀਆਂ ਹਿੰਸਕ ਘਟਨਾਵਾਂ

ਮਨੁੱਖ ਨੂੰ ਪੂਰੇ ਜਗਤ ਵਿਚੋਂ ਸਭ ਤੋਂ ਸਮਝਦਾਰ ਜੀਵ ਮੰਨਿਆ ਜਾਂਦਾ ਹੈ। ਇਸ ਵਿੱਚ ਕੋਈ ਸ਼ੱਕ ਨਹੀਂ ਕਿ ਮਨੁੱਖ ਦੀ ਸਾਰੇ ਜੀਵਾਂ ਉੱਪਰ ਸਰਦਾਰੀ ਹੈ, ਮਨੁੱਖ ਕਿਸੇ ਵੀ ਹੋਰ ਜੀਵ ਨੂੰ ਆਪਣਾ ਗੁਲਾਮ ਬਣਾ ਸਕਦਾ ਹੈ। ਇਹ ਮਨੁੱਖੀ ਸਰੀਰ ਦੀ ਤਾਕਤ ਦੇ ਸਦਕਾ ਨਹੀਂ ਬਲਕਿ ਮਨੁੱਖੀ ਦਿਮਾਗ ਦੀ ਬਦੌਲਤ ਹੈ। ਕੁਦਰਤ ਵੱਲੋਂ ਮਨੁੱਖ ਨੂੰ ਅਜਿਹੀ ਸੋਝੀ ਦਿੱਤੀ ਗਈ ਹੈ ਕਿ ਇਹ ਚੰਗੇ, ਮਾੜੇ ਦਾ ਫ਼ਰਕ ਪਹਿਚਾਣ ਸਕਦਾ ਹੈ। ਇਸਨੂੰ ਲਾਭ ਹਾਨੀ ਦਾ ਫ਼ਰਕ ਪਤਾ ਹੈ, ਸ਼ਾਇਦ ਇਸੇ ਲਈ ਇਸਨੂੰ ਸਰਵਸ੍ਰੇਸ਼ਟ ਜੂਨ ਮੰਨਿਆ ਗਿਆ ਹੈ।



ਭਾਵੇਂ ਮਨੁੱਖ ਸਾਰੀਆਂ ਜੂਨਾਂ ਦਾ ਸਿਰਦਾਰ ਹੈ, ਪਰ ਫਿਰ ਵੀ ਮਨੁੱਖ ਅਤੇ ਇੱਕ ਸੱਭਿਅਕ ਮਨੁੱਖ ਵਿੱਚ ਬਹੁਤ ਅੰਤਰ ਹੈ। ਅੱਜ ਦੇ ਹਾਲਾਤ ਵੇਖ ਮਨੁੱਖ ਨੂੰ ਮਨੁੱਖ ਕਹਿਣ ਲੱਗਿਆ ਇੱਕ ਵਾਰ ਸੋਚਣ ਲਈ ਮਜ਼ਬੂਰ ਹੋ ਜਾਂਦੇ ਹਾਂ ਕਿ ਮਨੁੱਖ ਦੁਆਰਾ ਫੈਲਾਈ ਜਾ ਰਹੀ ਇਸ ਦਰਿੰਦਿਗੀ ਪਿੱਛੇ ਕੀ ਕਾਰਣ ਹੋਣਗੇ। ਮੈਂ ਗੱਲ ਕਰ ਰਹੀਂ ਹਾਂ ਦਿਨ ਪ੍ਰੀ ਦਿਨ ਵੱਧਦੀਆਂ ਹਿੰਸਕ ਘਟਨਾਵਾਂ ਦੀ। ਭਾਰਤ ਵਰਗੇ ਲੋਕਤੰਤਰਿਕ ਦੇਸ਼ ਵਿੱਚ ਬਿਨਾਂ ਕਿਸੇ ਕਾਨੂੰਨ ਦੀ ਪਰਵਾਹ ਕੀਤਿਆਂ, ਬਿਨਾਂ ਕਿਸੇ ਸਜ਼ਾ ਦੇ ਡਰ ਤੋਂ ਲੋਕਾਂ ਦੁਆਰਾ ਆਮ ਹੀ ਕਿਸੇ ਦਾ ਦਿਨ ਦਿਹਾੜੇ ਕਤਲ ਕਰ ਦਿੱਤਾ ਜਾਂਦਾ ਹੈ ਜਾਂ ਮਾਰ ਕੁਟਾਈ ਕਰ ਦਿੱਤੀ ਜਾਂਦੀ ਹੈ । ਪਿਛਲੇ ਕੁਝ ਮਹੀਨਿਆਂ ਤੋਂ ਪੰਜਾਬ ਵਿੱਚ ਨਾਮਵਾਰ ਹਸਤੀਆਂ ਤੋਂ ਲੈਕੇ ਆਮ ਲੋਕਾਂ ਦੀ ਦਿਨ ਦਿਹਾੜੇ ਹੁੰਦੀ ਕਤਲੋਗਾਰਤ ਨੇ ਲੋਕਾਂ ਦੇ ਦਿਲ ਦਹਿਲਾ ਦਿੱਤੇ ਹਨ ।

ਅਜਿਹੀਆਂ ਘਟਨਾਵਾਂ ਜਿੱਥੇ ਦੇਸ਼ ਦੀ ਨਿਆਂਪਾਲਿਕਾ ਉੱਤੇ ਸਵਾਲੀਆ ਚਿੰਨ੍ਹ ਲਾਉਦੀਆਂ ਹਨ, ਉੱਥੇ ਸਮਾਜ, ਪਰਿਵਾਰ, ਸਿੱਖਿਆ ਆਦਿ ਸਾਰੇ ਪ੍ਰਬੰਧਾਂ ਦੀ ਕਾਰਗੁਜ਼ਾਰੀ ਉੱਤੇ ਸਵਾਲ ਉਠਾਉਂਦੀਆਂ ਹਨ । ਇੱਕ ਬੱਚੇ ਦੀ ਸਭ ਤੋਂ ਪਹਿਲੀ ਸੰਸਥਾ ਉਸਦਾ ਪਰਿਵਾਰ ਹੈ, ਜਿਥੋਂ ਉਹ ਸਮਾਜਿਕ ਕਦਰਾਂ ਕੀਮਤਾਂ ਸਿੱਖਦਾ, ਚੰਗੇ ਮਾੜੇ ਵਿਚਲੇ ਅੰਤਰ ਨੂੰ ਸਮਝਦਾ ਹੈ, ਪਰਿਵਾਰ ਤੋਂ ਬਾਅਦ ਦੂਸਰਾ ਅਦਾਰਾ ਸਿੱਖਿਆ ਸੰਸਥਾਵਾਂ ਆਉਂਦੀਆਂ ਹਨ, ਜਿੰਨਾ ਦੀ ਜਿੰਮੇਵਾਰੀ ਕੇਵਲ ਪੜਿਆ ਲਿਖਿਆ ਮਨੁੱਖ ਹੀ ਨਹੀਂ ਬਲਕਿ ਇੱਕ ਸੱਭਿਅਕ ਨਾਗਰਿਕ ਤਿਆਰ ਕਰਨਾ ਬਣਦੀ ਹੈ, ਤੀਸਰਾ ਸਥਾਨ ਸਮਾਜ ਦਾ ਹੈ, ਜਿਸ ਵਿੱਚ ਘਟ ਰਹੀਆਂ ਚੰਗੀਆਂ ਮਾੜੀਆਂ ਘਟਨਾਵਾਂ ਵਿਕ-ਸਿਤ ਹੋ ਰਹੇ ਨਾਗਰਿਕ ਦੇ ਮਨ ਤੇ ਗਹਿਰਾ ਅਸਰ ਪਾਉਂਦੀਆਂ ਹਨ। ਜਿਵੇਂ ਦੀਆਂ ਘਟਨਾਵਾਂ, ਖਬਰਾਂ ਬਾਰੇ ਬਾਲਗ ਜਾਣਦਾ ਹੈ ਸਮਾਜ ਪ੍ਰੀ ਉਸੇ ਤਰ੍ਹਾਂ ਦਾ ਰਵੱਈਆ ਉਹ ਅਖ਼ਤਿਆਰ ਕਰ ਲੈਂਦਾ ਹੈ । ਇਹ ਸੀ ਇਹਨਾਂ ਤਿੰਨਾਂ ਸੰਸਥਾਵਾਂ ਦੀ ਭੂਮਿਕਾ ਪਰ ਹੁਣ ਗੱਲ ਕਰਦੇ ਹਾਂ ਕਿ ਅਸਲ ਵਿੱਚ ਵਾਪਰ ਕੀ ਰਿਹਾ ਹੈ, ਪਰਿਵਾਰਾਂ ਵਿੱਚ ਸ਼ੁਰੂ ਤੋਂ ਹੀ ਬੱਚੇ ਨੂੰ ਕੇਵਲ ਪੜਾਈ ਵਿਚੋਂ ਚੰਗੇ ਨੰਬਰ ਲੈ, ਵਧੀਆ ਨੌਕਰੀ ਜਾਂ ਉੱਚੇ ਅਹੁੱਦੇ, ਵੱਧ ਪੈਸੇ ਕੁਮਾਉਣ ਦੀ ਸਿੱਖਿਆ ਤੱਕ ਸੀਮਤ ਰੱਖਿਆ ਜਾਂਦਾ ਹੈ, ਅਜਿਹੇ ਮਾਪੇ ਬਹੁਤ ਘੱਟ ਹੋਣਗੇ ਜੋ ਬੱਚੇ ਦੀ ਸਖਸੀਅਤ ਉਸਾਰੀ ਲਈ ਸਮਾਂ ਕੱਢਦੇ ਹੋਣਗੇ। ਬੱਚੇ ਨੂੰ ਪਰਿਵਾਰਾਂ ਵਿੱਚ ਮਿਲਿਆ ਲੜਾਈ ਝਗੜੇ ਵਾਲਾ ਮਾਹੌਲ ਜਿੱਥੇ ਕਰੋਧ ਤੇ ਈਰਖਾ ਕਰਨਾ ਸਿਖਾਉਂਦਾ ਹੈ ਉਥੇ ਨਾਲ ਦੀ ਨਾਲ ਬੱਚੇ ਦੇ ਵਿਕਾਸ ਵਿੱਚ ਵੀ ਰੋੜਾ ਬਣ ਜਾਂਦਾ ਹੈ, ਜੇਕਰ ਗੱਲ ਸਿੱਖਿਆ ਅਦਾਰਿਆਂ ਦੀ ਕੀਤੀ ਜਾਵੇ ਤਾਂ ਅੱਜ ਨਾ ਤਾਂ ਸਕੂਲਾਂ, ਕਾਲਜਾਂ ਦੀ ਪ੍ਰਬੰਧਕ ਕਮੇਟੀ ਦੁਆਰਾ ਅਤੇ ਨਾ ਹੀ ਅਧਿਆਪਕਾਂ ਦੁਆਰਾ ਵਿਦਿਆਰਥੀਆਂ ਨੂੰ ਚੰਗੇ ਨਾਗਰਿਕ ਬਨਣ ਦੀ ਪ੍ਰੇਨਾ ਦਿੱਤੀ ਜਾਂਦੀ ਹੈ, ਸਿੱਖਿਆ ਅਦਾਰੇ ਕੇਵਲ ਕਿਤਾਬੀ ਗਿਆਨ ਮੁਹੱਈਆ ਕਰਵਾਉਣ ਤੱਕ ਸੀਮਤ ਹਨ। ਜਵਾਨ ਹੋ ਰਹੇ ਬੱਚਿਆਂ ਨੂੰ ਅਪਰਾਧਿਕ ਗਤੀਵਿਧੀਆਂ ਦੇ ਨਤੀਜਿਆਂ ਬਾਰੇ ਸਿੱਖਿਆ ਅਦਾਰੇ ਬਹੁਤ ਵਧੀਆ ਢੰਗ ਨਾਲ ਜਾਣਕਾਰੀ ਮੁਹੱਈਆ ਕਰਵਾ ਸਕਦੇ ਹਨ ਪਰ ਅਫਸੋਸ ਕਿ ਅੱਜ ਦੇ ਸਿੱਖਿਆ ਅਦਾਰੇ ਕੇਵਲ ਖਾਨਾਪੂਰਤੀ ਤੱਕ ਸੀਮਤ ਰਹਿ ਗਏ ਹਨ । ਇਸਤੋਂ ਉਪਰੰਤ ਸਮਾਜ ਦੀ ਗੱਲ ਕਰੀਏ ਤਾਂ ਸਾਰੇ ਨਾਗਰਿਕਾਂ ਨੂੰ ਚਾਹੀਦਾ ਹੈ ਕਿ ਉਹ ਆਪਣੇ ਗਲੀ,ਮਹੁੱਲੇ ,ਸਮਾਜ ਦਾ ਇੱਕ ਸੁਲਝਿਆ ਹੋਇਆ ਰੂਪ ਪੇਸ਼ ਕਰਨ। ਮੈਂ ਮੰਨਦੀ ਹਾਂ ਕਿ ਮਨੁੱਖੀ ਵਿਵਹਾਰ ਅਨੁਸਾਰ ਸਾਡੀਆਂ ਬਹੁਤੀਆਂ ਗੱਲਾਂ ਉੱਪਰ ਇੱਕ ਦੂਸਰੇ ਨਾਲ ਅਸਹਿਮਤੀਆਂ ਹੋ ਸਕਦੀਆਂ ਹਨ, ਪਰੰਤੂ ਜਰੂਰੀ ਨਹੀਂ ਕਿ ਹਰੇਕ ਗੱਲ ਦਾ ਹੱਲ ਮਾਰ ਤਾੜ ਜਾਂ ਖ਼ੂਨ ਖਰਾਬਾ ਹੈ। ਕਰੋਧ ਵਸ ਹੋ ਕਿਸੇ ਮਨੁੱਖ ਦੀ ਜਾਨ ਲੈ ਲੈਣੀ ਇਨਸਾਨੀਅਤ ਦਾ ਕੰਮ ਨਹੀਂ ਅਤੇ ਨਾ ਹੀ ਇਨਸਾਨਾਂ ਵਾਲੀ ਬਿਰਤੀ ਦਾ ਕੰਮ ਹੈ।

ਹੁਣ ਆਖਰੀ ਪੜਾਅ ਇਹ ਹੈ ਕਿ ਇਸਦਾ ਹੱਲ ਕੀ ਹੋਣਾ ਚਾਹੀਦਾ! ਸਭ ਤੋਂ ਪਹਿਲਾਂ ਮਾਣਯੋਗ ਨਿਆਂਪਾਲਿਕਾ ਨੂੰ ਸੱਚਮੁੱਚ ਆਪਣੇ ਕਰਤੱਵ ਨੂੰ ਪੂਰੀ ਤਰ੍ਹਾਂ ਨਿਭਾਉਂਣਾ ਚਾਹੀਦਾ ਹੈ, ਜੇਕਰ ਤੁਸੀਂ ਕਿਸੇ ਦੇ ਕਾਤਲ ਨੂੰ ਗ੍ਰਿਫ਼ਤਾਰ ਕਰ ਰਹੇ ਹੋ ਤਾਂ ਨਾਲ ਦੀ ਨਾਲ ਉਸਨੂੰ ਸਖਤ ਤੋਂ ਸਖਤ ਸਜ਼ਾ ਦਿੱਤੀ ਜਾਣੀ ਚਾਹੀਦੀ ਹੈ, ਜਦ ਇੱਕ ਕਸੂਰਵਾਰ ਇਨਸਾਨ ਗ੍ਰਿਫ਼ਤਾਰ ਹੀ ਹੋ ਗਿਆ ਤਾਂ ਹੋਰ ਪੁੱਛ ਪੜਤਾਲਾਂ ਵਿੱਚ ਸਮਾਂ ਗਵਾਉਂਣ ਦਾ ਕੋਈ ਅਰਥ ਨਹੀਂ! ਇਹ ਕਿਸ ਤਰ੍ਹਾਂ ਦਾ ਕਾਨੂੰਨ ਹੈ ਜਿੱਥੇ ਆਪਣਾ ਕਸੂਰ ਮੰਨ ਚੁੱਕੇ ਹਤਿਆਰਿਆਂ ਨੂੰ ਆਪਣੇ ਆਪ ਨੂੰ ਸਹੀ ਸਾਬਤ ਕਰਨ ਦਾ ਮੌਕਾ ਦਿੱਤਾ ਜਾ ਰਿਹਾ ਹੋਵੇ। ਇਸ ਤੋਂ ਬਾਅਦ ਤਿੰਨ ਮੁੱਖ ਅਦਾਰੇ ਮਾਪੇ, ਸਕੂਲ ਅਤੇ ਸਮਾਜ ਆਪਣੀ ਜਿੰਮੇਵਾਰੀ ਸਮਝਣ ਮਾਪੇ ਬੱਚਿਆਂ ਨੂੰ ਸ਼ੁਰੂ ਤੋਂ ਹੀ ਚੰਗੇ ਮਾੜੇ ਦੀ ਨਤੀਜਿਆਂ ਬਾਰੇ ਦੱਸਣ ਅਤੇ ਉਹਨਾਂ ਦੇ ਵਿਵਹਾਰ ਨੂੰ ਵਾਚਦਿਆਂ ਉਨ੍ਹਾਂ ਦੀਆਂ ਆਦਤਾਂ ਅਤੇ ਬਹਿਣੀ ਦਾ ਧਿਆਨ ਰੱਖਣ, ਕਰੋਧ ਵਿੱਚ ਆ ਰਹੇ ਬੱਚੇ ਨੂੰ ਫੌਰੀ ਕਰੋਧ ਦੇ ਨੁਕਸਾਨਾਂ ਬਾਰੇ ਦੱਸਿਆ ਜਾਵੇ, ਸਕੂਲ, ਕਾਲਜ, ਯੂਨੀਵਰਸਿਟੀ ਦੇ ਵਿਦਿਆਰਥੀਆਂ ਨੂੰ ਚੰਗੇ ਨਾਗਰਿਕ ਬਣਨ ਵਿੱਚ ਸਹਾਇਕ ਵੱਖ ਵੱਖ ਸੈਮੀਨਾਰਾਂ ਦਾ ਅਯੋਜਨ ਕੀਤਾ ਜਾਵੇ, ਕਾਨੂੰਨ ਬਾਰੇ ਜਾਣਕਾਰੀ ਦਿੱਤੀ ਜਾਵੇ, ਅਪਰਾਧਿਕ ਗਤੀਵਿਧੀਆਂ ਦੇ ਨੁਕਸਾਨ ਅਤੇ ਅੰਜਾਮ ਦੋਨਾਂ ਤੋਂ ਜਾਣੂ ਕਰਵਾਇਆ ਜਾਵੇ। ਸਮਾਜ ਦੇ ਸਾਰੇ ਨਾਗਰਿਕ ਕੋਸ਼ਿਸ਼ ਕਰਨ ਕਿ ਉਹ ਆਪਣੀਆਂ ਆਉਣ ਵਾਲੀਆਂ ਪੀੜੀਆਂ ਲਈ ਆਦਰਸ਼ ਸਮਾਜ ਸਿਰਜ ਕੇ ਜਾਣ ਤਾਂ ਜੋ ਆਉਣ ਵਾਲੀਆਂ ਪੀੜੀਆਂ ਏਸੇ ਪਿਰਤ ਨੂੰ ਅੱਗੇ ਤੋਰੀ ਰੱਖਣ ਅਤੇ ਇੱਕ ਸੱਭਿਅਕ ਸਮਾਜ ਦਾ ਨਿਰਮ-ਾਣ ਹੋ ਸਕੇ।

ਕੋਈ ਵੀ ਬਦਲਾ ਕਿਸੇ ਦੀ ਜਾਨ ਤੋਂ ਉੱਪਰ ਜਾਂ ਜਰੂਰੀ ਨਹੀਂ ਹੋ ਸਕਦਾ। ਜੋ ਵੀ ਇਸ ਧਰਤੀ ਉੱਪਰ ਆਇਆ ਹੈ ਉਸਨੂੰ ਜੀਣ ਦਾ ਹੱਕ ਹੈ, ਆਓ ਸਾਰੇ ਰਲ ਮਿਲ ਕੇ ਇੱਕ ਸੋਹਣਾ ਤੇ ਸੁਲਝਿਆ ਹੋਇਆ ਸਮਾਜ ਸਿਰਜੀਏ, ਜਿੱਥੇ ਕੋਈ ਤੇਰ ਮੇਰ ਨਾ ਹੋਵੇ, ਜਿੱਥੇ ਕਿਸੇ ਵੀ ਤਰ੍ਹਾਂ ਦੀ ਈਰਖਾ ਬਾਜੀ ਨਾ ਹੋਵੇ, ਜਿੱਥੇ ਸਾਰੇ ਮਨੁੱਖ ਨੂੰ ਮਨੁੱਖ ਕਰ ਜਾਨਣ ਤੇ ਜਿੱਥੇ ਹਰ ਇੱਕ ਦੀ ਹੋਂਦ ਨੂੰ ਸਤਿਕਾਰਿਆ ਜਾਂਦਾ ਹੋਵੇ। ਆਓ ਅਜਿਹਾ ਸਮਾਜ ਸਿਰਜੀਏ ਜੋ ਆਉਣ ਵਾਲੀਆਂ ਪੀੜੀਆਂ ਲਈ ਅਰਾਮਦਾਇਕ ਹੋਵੇ, ਜੋ ਸਾਨੂੰ ਸਾਰਿਆਂ ਨੂੰ ਇਨਸਾਨ ਹੋਣ ਦਾ ਅਹਿਸਾਸ ਕਰਵਾਵੇ, ਜਿੱਥੇ ਅਪਣੱਤਾ ਦੇ ਪੈਂਦੇ ਛਿੱਟੇ ਤਪਦੇ ਹਿਰਦਿਆਂ ਨੂੰ ਵੀ ਠਾਰ ਦੇਣ।

*-ਹਰਕੀਰਤ ਕੌਰ*
*9779118066*

# ਅੱਲ੍ਹਾ ਯਾਰ ਖਾਂ ਜੋਗੀ ਨੂੰ ਯਾਦ ਕਰਦਿਆਂ

ਹਰਮਨਪ੍ਰੀਤ ਸਿੰਘ

ਅੱਲ੍ਹਾ ਯਾਰ ਖਾਂ ਜੋਗੀ ਦਾ ਜਨਮ 19ਵੀਂ ਸਦੀ ਵਿੱਚ ਹੋਇਆ ਸੀ। ਉਨ੍ਹਾਂ ਦੇ ਵੱਡ-ਵਡੇਰਿਆਂ ਦਾ ਪਿਛੋਕੜ ਦੱਖਣ ਦਾ ਸੀ, ਜੋ ਅਨਾਰਕਲੀ ਲਾਹੌਰ ਵਿੱਚ ਆਣ ਵਸੇ ਤੇ ਇੱਥੇ ਹੀ ਅੱਲ੍ਹਾ ਯਾਰ ਖਾਂ ਜੋਗੀ ਦਾ ਜਨਮ ਹੋਇਆ। 19ਵੀਂ ਸਦੀ ਦੇ ਅਖੀਰ ਅਤੇ 20ਵੀਂ ਸਦੀ ਦੇ ਸ਼ੁਰੂ ਵਿੱਚ ਅੱਲ੍ਹਾ ਯਾਰ ਖਾਂ ਜੋਗੀ ਉੱਚ ਕੋਟੀ ਦੇ ਲਿਖਾਰੀ ਤੇ ਬੇਹੱਦ ਮਕਬੂਲ ਸ਼ਾਇਰ ਹੋਏ। ਉਹ ਉਰਦੂ, ਫਾਰਸੀ ਤੋਂ ਇਲਾਵਾ ਹਿੰਦੀ ਜ਼ੁਬਾਨ ਦੇ ਵੀ ਚੰਗੇ ਜਾਣਕਾਰ ਸਨ। ਉਹ ਹਕੀਮ, ਮਿਰਜ਼ਾ, ਰਹਿਮਾਨੀ, ਜੋਗੀ ਅਤੇ ਦੱਖਣੀ ਵਰਗੇ ਲਈ ਤਖੱਲਸਾਂ ਨਾਲ ਵੀ ਲੋਕਾਂ ਵਿੱਚ ਮਸ਼ਹੂਰ ਹੋਏ। ਆਪਣੇ ਸਮੇਂ ਦੇ ਮਸ਼ਹੂਰ ਹਕੀਮ ਹੋਣ ਕਾਰਨ ਉਨ੍ਹਾਂ ਨੂੰ 'ਹਕੀਮ' ਆਖ ਕੇ ਬੁਲਾਇਆ ਜਾਂਦਾ ਹੈ।

ਅੱਲ੍ਹਾ ਯਾਰ ਖਾਂ ਜੋਗੀ ਜਦੋਂ ਆਪਣੇ ਸੂਫੀਆਨਾ ਅੰਦਾਜ਼ਦੀ ਕਾਵਿ ਉਡਾਰੀ ਭਰਦੇ ਤਾਂ ਸੁਣਨ ਵਾਲਿਆਂ ਦੇ ਚਿਹਰੇ ਗਦ ਗਦ ਤੇ ਮਨ-ਚਿੱਤ ਅੱਸ਼ ਅੱਸ਼ ਕਰ ਉਠਦੇ। ਉਨ੍ਹਾਂ ਵੱਲੋਂ ਗੁਰੂ ਗੋਬਿੰਦ ਸਿੰਘ ਜੀ ਅਤੇ ਉਨ੍ਹਾਂ ਸਾਹਿਬਜ਼ਾਦਿਆਂ ਬਾਰੇ ਲਿਖੀਆਂ ਦੋ ਲੰਮੀਆਂ ਨਜ਼ਮਾਂ 'ਸ਼ਹੀਦਾਨਿ-ਵਫਾ' ਅਤੇ 'ਗੰਜਿ-ਸ਼ਹੀਦਾਂ' ਨਾਲ ਉਹ ਸਿੱਖ ਸੰਗਤ ਵਿੱਚ ਬੇਹੱਦ ਮਕਬੂਲ ਹੋਏ। ਉਹ 'ਗੰਜਿ-ਸ਼ਹੀਦਾਂ' ਵਿੱਚ ਗੁਰੂ ਗੋਬਿੰਦ ਸਿੰਘ ਜੀ ਦੀ ਸ਼ਖਸੀਅਤ ਬਾਰੇ ਆਖਦੇ ਹਨ :

*ਕਰਤਾਰ ਕੀ ਸੌਗੰਦ ਹੈ, ਨਾਨਕ ਕੀ ਕਸਮ ਹੈ*
*ਜਿਤਨੀ ਭੀ ਹੋ ਗੋਬਿੰਦ ਕੀ ਤਾਰੀਫ ਵੁਹ ਕਮ ਹੈ।*
*ਹਰਚੰਦ ਮੇਰੇ ਹਾਥ ਮੇਂ ਪੁਰ ਜ਼ੋਰ ਕਲਮ ਹੈ।*
*ਸਤਿਗੁਰ ਕੇ ਲਿਖੂੰ ਵਸਫ ਕਹਾਂ ਤਾਬੇ-ਕਰਮ ਹੈ।*
*ਇਕ ਆਂਖ ਸੇ ਕਿਆ ਬੁਲਬੁਲਾ ਕੁਲ ਬਹਰ ਕੋ ਦੇਖੇ।*
*ਸਾਹਿਲ ਕੋ, ਯਾ ਮੰਝਧਾਰ ਕੋ, ਯਾ ਲਹਰ ਕੋ ਦੇਖੇ।*

ਉਨ੍ਹਾਂ ਪਹਿਲਾਂ 'ਸ਼ਹੀਦਾਨਿ-ਵਫਾ' ਦੀ ਰਚਨਾ ਕੀਤੀ। ਇਸ ਵਿੱਚ ਉਨ੍ਹਾਂ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜ਼ਾਦਿਆਂ ਬਾਬਾ ਜ਼ੋਰਾਵਰ ਸਿੰਘ ਤੇ ਬਾਬਾ ਫਤਹਿ ਸਿੰਘ ਦੀ ਸ਼ਹਾਦਤ ਦਾ ਬਿਆਨ ਕੀਤਾ। 'ਸ਼ਹੀਦਾਨਿ-ਵਫਾ' ਦੀ ਰਚਨਾ ਉਨ੍ਹਾਂ ਨੇ ਸੰਨ 1913 ਵਿੱਚ ਉਰਦੂ ਵਿੱਚ ਕੀਤੀ। ਇਹ ਰਚਨਾ ਸਾਕਾ ਸਰਹਿੰਦ ਦਾ ਸਫਰ ਪੇਸ਼ ਕਰਦੀ ਹੈ। ਇਸ ਦੇ 6-6 ਮਿਸਰੇ ਹਨ, ਜੋ ਉਨ੍ਹਾਂ ਨੇ ਮਰਸੀਏ ਦੀ ਦਿਲ-ਟੁੰਬਵੀਂ ਸ਼ੈਲੀ ਵਿੱਚ ਕਲਮਬੰਦ ਕੀਤੇ ਹਨ। ਇਸ ਦੇ ਕੁੱਲ 110 ਬੰਦ ਹਨ। ਜਦੋਂ ਸਾਹਿਬਜ਼ਾਦਿਆਂ ਨੂੰ ਇਸਲਾਮ ਕਬੂਲ ਕਰਨ ਲਈ ਕਹੇ ਜਾਣ ਦੀ ਗੱਲ ਆਉਂਦੀ ਹੈ ਤਾਂ ਉਨ੍ਹਾਂ ਆਪਣੀ ਕਲਮ ਦਾ ਮੂੰਹ ਨਹੀਂ ਮੋੜਿਆ ਤੇ ਉਸ ਸਮੇਂ ਦਾ ਸੱਚ ਬਿਆਨ ਕੀਤਾ। ਉਹ ਸਰਹਿੰਦ ਨੂੰ ਸਿੱਖੀ ਦੇ ਮਹਿਲ ਦੀ ਬੁਨਿਆਦ ਦੱਸਦਿਆਂ ਆਪਣੀ ਨਜ਼ਮ ਵਿੱਚ ਆਖਦੇ ਹਨ :

*ਹਮ ਜਾਨ ਦੇ ਕੇ ਔਰਾਂ ਕੀ ਜਾਨੇਂ ਬਚਾ ਚਲੇ।*
*ਸਿੱਖੀ ਕੀ ਨੀਂਵ ਹਮ ਹੈਂ ਸਰੋਂ ਪਰ ਉਠਾ ਚਲੇ।*
*ਗੁਰਿਆਈ ਕਾ ਹੈ ਕਿੱਸਾ ਜਹਾਂ ਮੇਂ ਬਨਾ ਚਲੇ।*
*ਸਿੰਘੋਂ ਕੀ ਸਲਤਨਤ ਕਾ ਹੈਂ ਪੌਦਾ ਲਗਾ ਚਲੇ।*
*ਗੱਦੀ ਸੇ ਤਾਜ-ਓ-ਤਖਤ ਬਸ ਅਬ ਕੌਮ ਪਾਏਗੀ।*
*ਦੁਨੀਆ ਸੇ ਜ਼ਾਲਿਮੋਂ ਕਾ ਨਿਸ਼ਾਂ ਤਕ ਮਿਟਾਏਗੀ।*

'ਸ਼ਹੀਦਾਨਿ-ਵਫਾ' ਦੀ ਮਕਬੂਲੀਅਤ ਮਗਰੋਂ ਉਨ੍ਹਾਂ ਦੂਸਰੀ ਨਜ਼ਮ 'ਗੰਜਿ-ਸ਼ਹੀਦਾਂ' ਲਿਖੀ ਅਤੇ ਉਸ ਸਮੇਂ ਦੀਆਂ ਘਟਨਾਵਾਂ ਬੜੇ ਸੁਚੱਜੇ ਢੰਗ ਨਾਲ ਕਾਵਿ-ਰੂਪ ਵਿੱਚ ਪੇਸ਼ ਕੀਤੀਆਂ। ਇਸ ਵਿੱਚ ਉਨ੍ਹਾਂ ਗੁਰੂ ਗੋਬਿੰਦ ਸਿੰਘ ਜੀ ਦੇ ਵੱਡੇ ਸਾਹਿਬਜ਼ਾਦਿਆਂ ਬਾਬਾ ਅਜੀਤ ਸਿੰਘ ਅਤੇ ਬਾਬਾ ਜੁਝਾਰ ਸਿੰਘ ਦੀ ਸ਼ਹਾਦਤ ਬਿਆਨ ਕੀਤੀ ਹੈ। 'ਗੰਜਿ-ਸ਼ਹੀਦਾਂ' ਉਨ੍ਹਾਂ 1915 ਵਿੱਚ ਉਰਦੂ ਵਿੱਚ ਨਜ਼ਮ ਦੇ ਰੂਪ ਵਿੱਚ ਲਿਖੀ। ਉਨ੍ਹਾਂ ਇਸ ਦੇ ਛੇ-ਛੇ ਮਿਸਰੇ ਮਰਸੀਏ ਦੀ ਸ਼ੈਲੀ ਵਿੱਚ ਬਿਆਨ ਕੀਤੇ ਹਨ। ਇਸ ਦੇ ਕੁੱਲ 117 ਬੰਦ ਹਨ। ਇਸ ਵਿੱਚ ਚਮਕੌਰ ਸਾਹਿਬ ਦੀ ਧਰਤੀ ਦੀ ਤੁਲਨਾ ਉਹ ਕਰਬਲਾ ਦੇ ਮੈਦਾਨ ਨਾਲ ਕਰਦੇ ਹਨ। ਕਰਬਲਾ ਦੇ ਮੈਦਾਨ ਵਿੱਚ ਯਦੀਦ ਦੇ ਲਸ਼ਕਰ ਨੇ ਹਜ਼ਰਤ ਇਮਾਮ ਹੁਸੈਨ ਉੱਤੇ ਹਮਲਾ ਕਰ ਕੇ ਉਨ੍ਹਾਂ ਨੂੰ 72 ਸਾਥੀਆਂ ਸਮੇਤ ਸ਼ਹੀਦ ਕਰ ਦਿੱਤਾ ਸੀ। ਹਜ਼ਰਤ ਇਮਾਮ ਹੁਸੈਨ ਦੀ ਉਮਰ ਸ਼ਹਾਦਤ ਵੇਲੇ 58 ਸਾਲ ਸੀ ਅਤੇ ਕਰਬਲਾ ਦੇ ਮੈਦਾਨ ਵਿੱਚਸ਼ਹੀਦ ਹੋਣ ਵਾਲੇ ਉਨ੍ਹਾਂ ਦੇ ਦੋ ਬੇਟੇ ਅਲੀ ਅਕਬਰ ਦੀ ਉਮਰ 18 ਸਾਲ ਅਤੇ ਅਲੀ ਅਸਗਰ ਦੀ ਉਮਰ ਸਿਰਫ ਛੇ ਮਹੀਨੇ ਸੀ। ਉਨ੍ਹਾਂ ਦੇ ਦੋ ਭਾਣਜੇ ਔਨ ਅਤੇ ਮੁਹੰਮਦ ਕ੍ਰਮਵਾਰ ਨੌਂ ਅਤੇ 19 ਸਾਲ ਦੇ ਸਨ। ਹਜ਼ਰਤ ਇਮਾਮ ਹੁਸੈਨ ਇਸਲਾਮ ਦੇ ਪੈਗੰਬਰ ਹਜ਼ਰਤ ਮੁਹੰਮਦ ਸਾਹਿਬ ਦੇ ਦੋਹਤਰੇ ਸਨ, ਉਨ੍ਹਾਂ ਨੂੰ ਉਨ੍ਹਾਂ ਦੇ ਸਾਥੀਆਂ ਸਮੇਤ 680 ਈਸਵੀ ਨੂੰ ਇੱਕ ਸਾਜ਼ਿਸ਼ ਹੇਠ ਇਰਾਕ ਦੇ ਕੂਫ਼ਾ ਸ਼ਹਿਰ ਨਜ਼ਦੀਕ ਦਰਿਆ ਫ਼ਰਾਤ ਕਿਨਾਰੇ ਕਰਬਲਾ ਦੇ ਮੈਦਾਨ ਵਿੱਚ ਤਿੰਨ ਦਿਨ ਪਿਆਸਾ ਰੱਖ ਕੇ ਸ਼ਹੀਦ ਕੀਤਾ ਗਿਆ ਸੀ।

ਅਰਬੀ ਤੇ ਫਾਰਸੀ ਵਿੱਚ ਖਾਸ ਮੁਹਾਰਤ ਰੱਖਣ ਵਾਲੇ ਅੱਲ੍ਹਾ ਯਾਰ ਖਾਂ ਜੋਗੀ ਨੂੰ ਆਨੰਦਪੁਰ ਸਾਹਿਬ ਦੀ ਧਰਤੀ ਤੋਂ ਚਮਕੌਰ ਸਾਹਿਬ ਦੇ ਸਰਹਿੰਦ ਦੀ ਧਰਤੀ ਤੱਕ ਦੀਆਂ ਸ਼ਹਾਦਤਾਂ ਦਾ ਸਫਰ ਦੋ ਲੰਮੀਆਂ ਨਜ਼ਮਾਂ ਵਿੱਚ ਉਰਦੂ ਲਿੱਪੀ ਵਿੱਚ ਲਿਖਣ ਵਾਲੇ ਪਹਿਲੇ ਕਵੀ ਹੋਣ ਦਾ ਮਾਣ ਹਾਸਲ ਹੈ। ਉਨ੍ਹਾਂ ਕਿਸੇ ਤਰ੍ਹਾਂ ਦੇ ਪੱਖਪਾਤ ਤੋਂ ਨਿਰਲੇਪ ਹੋ ਕੇ ਇਨ੍ਹਾਂ ਨਜ਼ਮਾਂ ਦੀ ਰਚਨਾ ਕੀਤੀ। ਜਦੋਂ ਵੀ ਕੋਈ ਇਨ੍ਹਾਂ ਰਚਨਾਵਾਂ ਨੂੰ ਪੜ੍ਹਦਾ ਤੇ ਸੁਣਦਾ ਹੈ ਤਾਂ ਬੀਰ-ਰਸ ਤੇ ਕਰੁਣਾ ਰਸ ਨਾਲ ਭਰਪੂਰ ਰਚਨਾਵਾਂ ਉਸ ਦੇ ਮਨ ਉੱਤੇ ਡੂੰਘੀ ਛਾਪ ਛੱਡਦੀਆਂ ਹਨ। ਉਨ੍ਹਾਂ ਦੀਆਂ ਇਹ ਦੋਵੇਂ ਰਚਨਾਵਾਂ ਸਾਹਿਤ ਨਾਲ ਇਤਿਹਾਸਕ ਪੱਖੋਂ ਵੀ ਉਚ ਪੱਧਰ ਦੀਆਂ ਹੋ ਨਿਬੜੀਆਂ।ਉਨ੍ਹਾਂ ਧਰਮ ਦੀਆਂ ਜ਼ੰਜੀਰਾਂ ਤੋੜ ਕੇ ਸਿੱਖ ਸ਼ਹਾਦਤਾਂ ਕਲਮਬੱਧ ਕਰ ਕੇ ਗੁਰੂ ਸਾਹਿਬ ਪ੍ਰਥੀ ਆਪਣੀ ਮੁਹੱਬਤ ਨੂੰ ਬਾਖੂਬੀ ਨਿਭਾਇਆ। ਕੁਝ ਲੋਕਾਂ ਨੇ ਉਨ੍ਹਾਂ ਨੂੰ 'ਕਾਫਰ' ਬੁਲਾਉਣਾ ਸ਼ੁਰੂ ਕਰ ਦਿੱਤਾ, ਪਰ ਉਨ੍ਹਾਂ ਕਿਸੇ ਦੀ ਪ੍ਰਵਾਹ ਨਾ ਕੀਤੀ ਤੇ ਮਨੁੱਖੀ ਦਰਦ ਸਮਝਦਿਆਂ ਸੱਚ ਬਿਆਨਦੀ ਆਪਣੀ ਕਲਮ ਚੱਲਦੀ ਰੱਖੀ।

ਅੱਲਾ ਯਾਰ ਖਾਂ ਜੋਗੀ ਆਪਣੀ ਰਚਨਾ ਵਿੱਚ ਚੰਗੀਆਂ ਮਾੜੀਆਂ ਸ਼ਖਸੀਅਤਾਂ ਬਾਰੇ ਆਖਦੇ ਹਨ :

*ਮਿਰਜ਼ੇ ਕਈ ਸੈਦੇ ਸੇ ਭੀ ਕੁਰਬਾਨ ਹੂਏ ਹੈਂ।*
*ਮਾਮੂੰ ਸੇ ਤਸੱਦੁਕ ਭੀ ਕਈ ਖਾਨ ਹੂਏ ਹੈਂ।*
*ਚੰਦੂ ਸੇ ਗੰਗੂ ਸੇ ਭੀ ਸ਼ੈਤਾਨ ਹੂਏ ਹੈਂ।*
*ਬਾਜ਼ੀਦ ਸੇ ਭੀ ਬਾਜ਼ ਬੇਈਮਾਨ ਹੂਏ ਹੈਂ।*
*ਹਿੰਦੂ ਹੈਂ ਸਭ ਅੱਛੇ ਨਾ ਮੁਸਲਮਾਨ ਹੈਂ ਅੱਛੇ।*
*ਦਿਲ ਨੇਕ ਹੈਂ ਜਿਨ ਕੇ ਵੁਹੀ ਇਨਸਾਨ ਹੈਂ ਅੱਛੇ।*

ਉਹ ਆਪਣੀਆਂ ਨਜ਼ਮਾਂ ਜਦੋਂ ਦੀਵਾਨਾਂ ਵਿੱਚ ਪੜ੍ਹਦੇ ਤਾਂ ਲੋਕ ਅੱਸ਼ ਅੱਸ਼ ਕਰ ਉਠਦੇ। ਉਨ੍ਹਾਂ ਦੀਆਂ ਇਹ ਦੋਵੇਂ ਲੰਮੀਆਂ ਨਜ਼ਮਾਂ ਸੰਨ 1988 ਵਿੱਚ ਪਹਿਲੀ ਵਾਰ ਭਾਸ਼ਾ ਵਿਭਾਗ ਪੰਜਾਬ ਨੇ ਛਾਪੀਆਂ, ਜਿਨ੍ਹਾਂ ਨੂੰ ਮੁੜ 2000, ਫਿਰ 2011 ਅਤੇ ਚੌਥੀ ਵਾਰੀ ਸੰਨ 2021 ਵਿੱਚ ਸ਼ਾਹਮੁਖੀ ਤੇ ਗੁਰਮੁਖੀ ਲਿੱਪੀ ਵਿੱਚ ਪ੍ਰਕਾਸ਼ਿਤ ਕੀਤਾ ਗਿਆ। ਆਪਣੇ ਜੀਵਨ ਦੇ ਅੰਤਿਮ ਸਮੇਂ ਤੱਕ ਉਹ ਅਨਾਰਕਲੀ ਬਾਜ਼ਾਰ, ਲਾਹੌਰ ਵਿੱਚ ਰਹੇ। ਉਨ੍ਹਾਂ ਦਾ ਦਿਹਾਂਤ ਵੀ ਲਾਹੌਰ ਵਿੱਚ ਹੀ ਹੋਇਆ।

## ਹਲਕਾ ਫੁਲਕਾ

ਪਹਿਲਾ ਕੈਦੀ, "ਪੁਲਸ ਨੇ ਤੈਨੂੰ ਕਿਉਂ ਫੜਿਆ?"
ਦੂਜਾ ਕੈਦੀ, "ਬੈਂਕ ਲੁੱਟਣ ਤੋਂ ਬਾਅਦ ਉਥੇ ਬੈਠ ਕੇ ਪੈਸੇ ਗਿਣ ਰਿਹਾ ਸੀ, ਪੁਲਸ ਨੇ ਫੜ ਲਿਆ।"
ਪਹਿਲਾ ਕੈਦੀ, "ਉਥੇ ਪੈਸੇ ਗਿਣਨ ਦੀ ਕੀ ਲੋੜ ਸੀ।"
ਦੂਜਾ ਕੈਦੀ, "ਉਥੇ ਲਿਖਿਆ ਸੀ ਕਿ ਕਾਊਂਟਰ ਤੋਂ ਜਾਣ ਤੋਂ ਪਹਿਲਾਂ ਪੈਸੇ ਗਿਣ ਲਓ, ਬਾਅਦ ਵਿੱਚ ਬੈਂਕ ਜ਼ਿੰਮੇਵਾਰ ਨਹੀਂ ਹੋਵੇਗਾ।"

********

ਪਤਨੀ, "ਸਾਡੇ ਪਿੰਡ ਵਿੱਚ ਬੋਲਣ ਵਾਲਾ ਪਹਿਲਾ ਰੇਡੀਓ ਮੇਰੇ ਪਿਤਾ ਜੀ ਲਿਆਏ ਸਨ।"
ਪਤੀ, "ਆਪਣੀ ਮਾਂ ਬਾਰੇ ਇਸ ਤਰ੍ਹਾਂ ਨਹੀਂ ਕਹੀਦਾ ਮੂਰਖੇ।"

********

ਪੱਪੂ, "ਸਰ, ਪੰਜਾਬ ਐਕਸਪ੍ਰੈਸ ਕਦੋਂ ਆਵੇਗੀ?"
ਟੀ ਟੀ ਈ, "ਪੰਜ ਵਜੇ।"
ਪੱਪੂ, "ਲੋਕਲ?"
ਟੀ ਟੀ ਈ, "ਨੌਂ ਵਜੇ, ਪਰ ਤੁਸੀਂ ਜਾਣਾ ਕਿੱਥੇ ਚਾਹੁੰਦੇ ਹੋ?"
ਪੱਪੂ, "ਜਾਣਾ ਕਿਤੇ ਵੀ ਨਹੀਂ, ਬੱਸ ਟਰੈਕ ਉੱਤੇ ਲੇਟ ਕੇ ਸੈਲਫੀ ਲੈਣੀ ਹੈ।"

# ਚੀਨ ਦੇ ਭੈੜੇ ਮਨਸੂਬੇ - ਗੱਲਬਾਤ ਨਾਲ ਹੀ ਹੋਣਗੇ ਮਸਲੇ ਹੱਲ

ਚੀਨ ਦੇ ਮਨਸੂਬੇ ਜੱਗਜ਼ਾਹਿਰ ਹਨ। ਸਮਰਾਜਵਾਦ ਦੇ ਸੁਫਨੇ ਸਜਾਈ ਬੈਠਾ ਚੀਨ ਆਪਣੀ ਸਰਹੱਦ ਨਾਲ ਲੱਗਦੇ ਹਰੇਕ ਦੇਸ਼ ਨਾਲ ਸਰਹੱਦੀ ਵਿਵਾਦ 'ਚ ਉਲਝਿਆ ਹੋਇਆ ਹੈ। ਅਜਿਹੇ 'ਚ ਇੰਡੋਨੇਸ਼ੀਆ ਦੇ ਬਾਲੀ 'ਚ ਜੀ-20 ਸੰਮੇਲਣ ਦੌਰਾਨ ਚੀਨ ਦੇ ਵਿਦੇਸ਼ ਮੰਤਰੀ ਵਾਂਗ ਯੀ ਨਾਲ ਮੁਲਾਕਾਤ 'ਚ ਸਰਹੱਦੀ ਰੇਖਾ 'ਤੇ ਚੀਨੀ ਕਬਜਾ ਖ਼ਤਮ ਕਰਨ ਦਾ ਵਿਦੇਸ਼ ਮੰਤਰੀ ਐਸ ਜੈਸ਼ੰਕਰ ਦਾ ਦਬਾਅ ਕਿੰਨਾ ਕੁ ਰੰਗ ਲਿਆਉਂਦਾ ਹੈ,ਇਸ ਬਾਰੇ ਹਜੇ ਕੁਝ ਵੀ ਕਹਿਣਾ ਜਲਦਬਾਜੀ ਹੋਵੇਗੀ। ਉਮੀਦ ਹੈ ਕਿ ਭਾਰਤ ਅਤੇ ਚੀਨ ਦੇ ਵਿਦੇਸ਼ ਮੰਤਰੀਆਂ ਦੀ ਮੁਲਕਾਤ ਤੋਂ ਬਾਦ ਲੱਦਾਖ ਸਰਹੱਦੀ ਵਿਵਾਦ ਸੁਲਝਣ ਦੀ ਦਿਸ਼ਾ 'ਚ ਫੌਜੀ ਮੀਟਿੰਗਾ ਨਾਲ ਅਗਲੇ ਦੌਰ ਦੀ ਕਾਰਜ਼ਸ਼ੈਲੀ ਤੈਅ ਹੋਵੇਗੀ।ਬੇਸ਼ੱਕ ਗੱਲਬਾਤ ਦੇ ਜ਼ਰੀਏ ਸਰਹੱਦੀ ਵਿਵਾਦ ਨਾਲ ਜੁੜੇ ਸਾਰੇ ਮੁੱਦਿਆਂ ਦਾ ਹੱਲ ਕੱਢਿਆ ਜਾਣਾ ਚਾਹੀਦਾ ਹੈ। ਉਮੀਦ ਕੀਤੀ ਜਾਣੀ ਚਾਹੀਦੀ ਹੈ ਕਿ ਜੀ -20 ਸੰਮੇਲਣ ਦੌਰਾਨ ਐਲਏਸੀ ਨਾਲ ਜੁੜੇ ਵਿਵਾਦ 'ਤੇ ਚਰਚਾ ਦੀ ਪਹਿਲ ਯਕੀਨਨ ਹੀ ਸਕਰਾਤਮਕ ਵਾਤਾਵਰਣ ਸਿਰਜ਼ਣ 'ਚ ਸਹਾਇਕ ਹੋਵੇਗੀ। ਕਿਹਾ ਜਾ ਰਿਹਾ ਹੈ ਕਿ ਐਲਏਸੀ ਨਾਲ ਜੁੜੇ ਕਈ ਇਲਾਕਿਆਂ 'ਚ ਫੌਜ਼ ਦੀ ਵਾਪਸੀ ਦੇ ਲਈ ਭਾਰਤ ਨੇ ਚੀਨ 'ਤੇ ਦਬਾਅ ਬਣਾਇਆ ਹੈ। ਨਾਲ ਹੀ ਦੋਹਾਂ ਵਿਦੇਸ਼ ਮੰਤਰੀਆਂ ਦੀ ਗੱਲਬਾਤ 'ਚ ਸਵੀਕਾਰਿਆ ਗਿਆ ਹੈ ਕਿ ਦੋ-ਪੱਖੀ ਸਬੰਧ ਸੰਵੇਦਨਸ਼ੀਲਤਾ ਅਤੇ ਆਪਸੀ ਹਿੱਤਾਂ 'ਤੇ ਅਧਾਰਤ ਹੀ ਹੋਣੇ ਚਾਹੀਦੇ ਹਨ। ਦੇਸ਼ ਦੀ ਅਗਵਾਈ ਕਰ ਰਹੀ ਸਰਕਾਰ ਨੂੰ ਐਲਏਸੀ ਨਾਲ ਜੁੜੇ ਤਮਾਮ ਵਿਵਾਦਾਂ ਦੀ ਅਸਲੀਅਤ ਨੂੰ ਜਨਤਾ ਦੇ ਸਾਹਮਣੇ ਲਿਆਉਣਾ ਚਾਹੀਦਾ ਹੈ। ਵਿਦੇਸ਼ੀ ਸੂਚਨਾ ਮਾਧਿਮਾਂ ਰਾਹੀਂ ਅਤੇ ਦੇਸ਼ ਦੇ ਵਿਰੋਧੀ ਸਿਆਸੀ ਦਲਾਂ ਵੱਲੋਂ ਗੱਲੀ ਬਾਤੀਂ ਐਲਏਸੀ 'ਤੇ ਚੀਨੀ ਕਬਜੇ ਦਾ ਮੁੱਦਾ ਚੱਕਿਆ ਜਾਂਦਾ ਰਿਹਾ ਹੈ। ਖਾਸਕਰ ਵਿਰੋਧੀ ਕਾਂਗ੍ਰਸ ਐਲਏਸੀ ਦੇ ਮੁੱਦੇ 'ਤੇ ਖਾਸੀ ਹਮਲਾਵਰ ਰਹੀ ਹੈ ਅਤੇ ਸਰਕਾਰ 'ਤੇ ਸਰਹੱਦੀ ਮਰਿਆਦਾ ਕਾਇਮ ਰੱਖਣ 'ਚ ਅਸਫਲ ਰਹਿਣ ਦੇ ਦੋਸ਼ ਲਾਉਂਦੀ ਰਹਿੰਦੀ ਹੈ। ਹੁਣ ਤੱਕ ਦੇਸ਼ ਦੀ ਕੇਂਦਰ ਸਰਕਾਰ ਕਹਿੰਦੀ ਰਹੀ ਕਿ ਚੀਨੀ ਫੌਜ਼ ਨੇ ਭਾਰਤ ਦੇ ਕਿਸੇ ਇਲਾਕੇ 'ਚ ਕਬਜਾ ਨਹੀਂ ਕੀਤਾ ਹੈ। ਵਿਰੋਧੀ ਧਿਰ ਵੱਲੋਂ ਕਿਹਾ ਜਾਂਦਾ ਰਿਹਾ ਹੈ ਕਿ ਦੇਸ਼ ਦੀ ਆਮ ਜਨਤਾ ਅਸਲ ਹਾਲਾਤਾਂ ਤੋਂ ਜਾਣੂ ਹੋਣਾ ਚਾਹੁੰਦੀ ਹੈ।

ਵਿਰੋਧੀ ਧਿਰ ਦਾ ਇਹ ਵੀ ਕਹਿਣਾ ਹੈ ਕਿ ਜੇਕਰ ਚੀਨ ਵੱਲੋਂ ਕੋਈ ਕਬਜਾ ਨਹੀਂ ਕੀਤੀ ਗਿਆ ਹੈ ਤਾਂ ਦੋਹਾਂ ਦੇਸ਼ਾਂ ਵਿਚਕਾਰ ਹੋ ਰਹੀ ਗੱਲਬਾਤ ਦਾ ਅਧਾਰ ਕੀ ਹੈ? ਹਲਾਤਾਂ ਦੀ ਸੱਚਾਈ ਅਤੇ ਅਸਲੀਅਤ ਬਾਰੇ ਪਤਾ ਹੋਣ ਕਾਰਨ ਸ਼ੱਕ ਪੈਦਾ ਹੋਣਾ ਲਾਜ਼ਮੀ ਹੈ। ਤ੍ਰਾਸਦੀ ਇਹ ਹੈ ਕਿ ਅਜਾਦੀ ਤੋਂ ਬਾਅਦ ਚੀਨ ਨਾਲ ਲੱਗਦੀ ਸਰਹੱਦ ਦਾ ਸਹੀ ਮੁਲਾਂਕਣ ਹੀ ਨਹੀਂ ਹੋ ਸਕਿਆ ਹੈ। ਦੂਜੀ ਗੱਲ ਇਹ ਕਿ ਭੂਗੋਲਿਕ ਪੱਖੋਂ ਇਹ ਇਲਾਕਾ ਐਨਾ ਕੁ ਜਿਆਦਾ ਦੁਰਗਮ ਹੈ ਅਤੇ ਮੁਸ਼ਕਿਲਾਤਾਂ ਭਰਿਆ ਕਿ ਸਥਾਈ ਸਰਹੱਦਾਂ ਤੈਅ ਕਰ ਪਾਉਣੀਆਂ ਇਕ ਵੱਡੀ ਚੁਣੌਤੀ ਹੈ। ਫਿਲਹਾਲ, ਚੀਨ ਨੂੰ ਭਾਰਤ ਵੱਲੋਂ ਇਕ ਸਪਸ਼ਟ ਸੰਕੇਤ ਤਾਂ ਮਿਲ ਹੀ ਗਿਆ ਹੈ ਕਿ ਲੱਦਾਖ 'ਚ ਸਰਹੱਦੀ ਤਣਾਅ ਖ਼ਤਮ ਕੀਤੇ ਬਿਨਾਂ ਦੋਹੇਂ ਦੇਸ਼ਾਂ ਦੇ ਸਬੰਧ ਸੁਖਾਂਵੇ ਨਹੀਂ ਹੋ ਸਕਦੇ।ਜ਼ਰੂਰਤ ਇਸ ਗੱਲ ਦੀ ਵੀ ਹੈ ਕਿ ਐਲਏਸੀ ਨਾਲ ਜੁੜੇ ਸਾਰੇ ਵਿਵਾਦਾਂ ਦਾ ਜਲਦ ਤੋਂ ਜਲਦ ਠੋਸ ਹੱਲ ਕੱਢਿਆ ਜਾਵੇ। ਇਸਦੇ ਲਈ ਫੌਜੀ ਕਮਾਂਡਰਾਂ ਦੀ ਵਿਦੇਸ਼ ਮੰਤਰਾਲੇ ਦੇ ਪੱਧਰ 'ਤੇ ਗੱਲਬਾਤ ਦਾ ਦੌਰ ਜਾਰੀ ਰਹਿਣਾ ਚਾਹੀਦਾ ਹੈ।

ਜ਼ਿਕਰਯੋਗ ਹੈ ਕਿ ਇਸ ਸਾਲ ਚੀਨੀ ਵਿਦੇਸ਼ ਮੰਤਰੀ ਵਾਂਗ ਯੀ ਨਾਲ ਵਿਦੇਸ਼ ਮੰਤਰੀ ਐਸ ਜੈਸ਼ੰਕਰ ਦੀ ਇਹ ਦੂਜੀ ਮੁਲਾਕਾਤ ਹੈ। ਪਹਿਲੀ ਮੁਲਾਕਾਤ 2022 'ਚ ਉਦੋਂ ਹੋਈ ਸੀ ਜਦੋਂ ਵਾਂਗ ਯੀ ਭਾਰਤ ਦੇ ਦੌਰੇ 'ਤੇ ਆਏ ਸਨ। ਸਮਾਰਾਜਵਾਦੀ ਚੀਨ ਲਗਾਤਾਰ ਜ਼ਮੀਨ ਹੜਪਨ ਦੀ ਨੀਤੀ 'ਤੇ ਚੱਲਦਾ ਆਇਆ ਹੈ। ਅਸੀਂ 1962 ਦੇ ਜ਼ਖਮ ਨਹੀਂ ਭੁੱਲੇ ਹਾਂ।ਭਾਰਤ ਹੀ ਨਹੀਂ, ਚੀਨ ਦਾ ਦਰਜ਼ਨ ਤੋਂ ਜਿਆਦਾ ਗੁਆਂਢੀ ਮੁਲਕਾਂ ਦੇ ਨਾਲ ਸਰਹੱਦੀ ਵਿਵਾਦ ਜਾਰੀ ਹੈ। ਆਰਥਕ ਅਤੇ ਫੌਜੀ ਤਾਕਤ ਹਾਸਲ ਕਰਕੇ ਚੀਨ ਦੁਨੀਆਂ ਦੀ ਮਹਾਂਸ਼ਕਤੀ ਬਣਨ ਦੇ ਖੁਆਬ ਦੇਖਦਾ ਰਹਿੰਦਾ ਹੈ। ਇਸੇ ਤਾਕਤ ਦੇ ਨਸ਼ੇ ਵਿਚ ਆਪਣੇ ਗੁਆਂਢੀ ਦੇਸ਼ਾਂ 'ਤੇ ਹਮਲੇ ਕਰਕੇ ਆਪਣੀ ਸਮਰਾਜਵਾਦੀ ਮਨਸੂਬਿਆਂ ਨੂੰ ਪਾਲਦਾ ਰਹਿੰਦਾ ਹੈ। ਫਿਲਹਾਲ ਐਲਏਸੀ 'ਤੇ ਸ਼ਾਂਤੀ ਬਹਾਲੀ ਦੇ ਲਈ ਜ਼ਰੂਰੀ ਹੈ ਕਿ ਪਿਛਲੇ ਲੰਮੇ ਸਮੇਂ ਤੋਂ ਲਟਕ ਰਹੇ ਮੁੱਦਿਆਂ ਦਾ ਜਲਦ ਤੋਂ ਜਲਦ ਨਿਪਟਾਰਾ ਹੋਵੇ। ਨਾਲ ਹੀ ਦੋਹਾਂ ਦੇਸ਼ਾਂ ਵਿਚਕਾਰ ਗੱਲਬਾਤ ਦਾ ਦੌਰ ਜਾਰੀ ਰਹਿਣਾ ਚਾਹੀਦਾ ਹੈ। ਜਿਸਦੇ ਲਈ ਜ਼ਰੂਰੀ ਹੈ ਕਿ ਪਹਿਲਾਂ ਹੋਈਆਂ ਸਹਿਮਤੀਆਂ ਤੋਂ ਅੱਗੇ ਵਧਦੇ ਹੋਏ ਗੱਲਬਾਤ ਕਰਕੇ ਇਕਰਾਰ ਤੈਅ ਕੀਤੇ ਜਾਣ।

*-ਹਰਪ੍ਰੀਤ ਸਿੰਘ ਬਰਾੜ*
*ਸਿਹਤ,ਸਿੱਖਿਆ ਅਤੇ ਸਮਾਜਿਕ ਲੇਖਕ*
*ਏਅਰਫੋਰਸ ਰੋਡ,ਬਠਿੰਡਾ।*

# ਨੇਕ ਨਸੀਬ ਤੇਰੇ ਓ ਘੜਿਆ...

-ਪ੍ਰੇਮਲਤਾ ਪ੍ਰਿੰਸੀਪਲ

ਸੱਭਿਆਚਾਰਾਂ ਨੇ ਹਰ ਉਸ ਵਸਤੂ ਨੂੰ ਮਾਨ ਅਤੇ ਸਤਿਕਾਰ ਦਿੱਤਾ ਹੈ, ਜਿਹੜੀ ਮਨੁੱਖੀ ਜੀਵਨ ਨਾਲ ਜੁੜੀ ਹੁੰਦੀ ਹੈ। ਉਨ੍ਹਾਂ ਵਸਤੂਆਂ ਵਿੱਚੋਂ ਇੱਕ ਮਿੱਟੀ ਦਾ ਘੜਾ ਹੈ, ਜਿਹੜਾ ਸੱਭਿਆਚਾਰ ਦੇ ਸਮੁੰਦਰ ਵਿੱਚ ਸਿੱਪੀਆਂ ਵਾਂਗ ਸਮਾਇਆ ਹੈ। ਪੰਜਾਬੀ ਸੱਭਿਆਚਾਰ ਵਿੱਚ ਮਿੱਟੀ ਦੇ ਘੜੇ ਦੀ ਵਰਤੋਂ ਭਾਵੇਂ ਸੀਮਤ ਹੋ ਗਈ ਹੈ, ਫਿਰ ਵੀ ਇਹ ਇਸ ਦੀ ਸ਼ਾਨ ਅਤੇ ਮਾਨ ਬਣਿਆ ਹੋਇਆ ਹੈ।ਮਨੁੱਖੀ ਪੁਰਾਤਨ ਇਤਿਹਾਸ ਵਿੱਚ ਮਿੱਟੀ ਦੇ ਘੜੇ ਦੀ ਇੱਕ ਅਦਭੁਤ ਖੋਜ ਸੀ, ਜਿਸ ਨੂੰ ਅਸੀਂ ਪਹੀਏ ਦੀ ਖੋਜ ਦੇ ਬਰਾਬਰ ਮੰਨ ਸਕਦੇ ਹਾਂ। ਜਦੋਂ ਆਦਿ ਮਨੁੱਖ ਨੇ ਅੱਗ ਦੀ ਖੋਜ ਕੀਤੀ, ਉਸੇ ਵੇਲੇ ਉਸ ਨੂੰ ਬਰਤਨਾਂ ਦੀ ਲੋੜ ਪਈ ਤਾਂ ਕਿ ਕੱਚੇ ਮਾਸ ਨੂੰ ਪਾਣੀ ਵਿੱਚ ਪਕਾ ਸਕਣ। ਇਸ ਲੋੜ ਵਿੱਚੋਂ ਮਿੱਟੀ ਦੇ ਭਾਂਡਿਆਂ ਦੀ ਖੋਜ ਹੋਈ ਸੀ। ਜਿਉਂ-ਜਿਉਂ ਅਸੀਂ ਪਿੱਛੇ ਵੱਲ ਜਾਂਦੇ ਹਾਂ ਤਾਂ ਘੜੇ ਬਣਾਉਣ ਦੀ ਕਲਾ ਨਿਖਰਦੀ ਹੀ ਮਿਲੇਗੀ। ਸਿੰਧ ਘਾਟੀ ਸੱਭਿਅਤਾ ਦੀ ਖੁਦਾਈ ਵਿੱਚ ਅਜਿਹੇ ਘੜੇ ਮਿਲੇ ਹਨ, ਜਿਨ੍ਹਾਂ ਉਪਰ ਅਦਭੁਤ ਚਿੱਤਰਕਾਰੀ ਕੀਤੀ ਹੋਈ ਹੈ।

ਮਿੱਟੀ ਦੇ ਘੜੇ ਬਣਾਉਣ ਵਾਲੇ ਮੁੱਢਲੇ ਸ਼ਿਲਪਕਾਰ ਸਨ, ਅੱਗੇ ਚੱਲ ਕੇ ਜਿਨ੍ਹਾਂ ਦੇ ਹੁਨਰ ਨੂੰ ਦੇਖ ਦੇ ਧਾਤੂ ਤੋਂ ਬਣੇ ਬਰਤਨਾਂ ਦੇ ਉਦਯੋਗ ਖੜ੍ਹੇ ਹੋਏ ਹਨ।ਸੰਸਕ੍ਰਿਤ ਦੇ 'ਘਟ' ਸ਼ਬਦ ਤੋਂ ਹਿੰਦੀ ਤੇ ਪੰਜਾਬੀ ਵਿੱਚ 'ਘੜਾ' ਸ਼ਬਦ ਹੋਂਦ ਵਿੱਚ ਆਇਆ ਹੈ। ਸੰਸਕ੍ਰਿਤ ਦੇ 'ਘਟ' ਸ਼ਬਦ ਤੋਂ ਹੀ ਪਾਣੀ ਦੇ ਸਰੋਤ ਘਟਾ ਅਤੇ ਘਾਟ ਬਣੇ ਹਨ। ਬੋਲੀ ਵਿੱਚ ਘੜਾ ਸ਼ਬਦ 12ਵੀਂ ਸਦੀ ਤੋਂ ਵਰਤਿਆਂ ਜਾ ਰਿਹਾ ਹੈ। ਬਾਬਾ ਫ਼ਰੀਦ ਨੇ ਵੀ ਆਪਣੀ ਰਚਨਾ ਵਿੱਚ ਘੜਾ ਸ਼ਬਦ ਵਰਤਿਆ ਹੈ। ਪੁਰਾਤਨ ਮਨੁੱਖ ਨੇ ਮਿੱਟੀ ਦੇ ਕੱਚੇ ਭਾਂਡੇ ਨੂੰ ਸਹੀ ਆਕਾਰ ਦੇਣ ਲਈ ਚਮਤਕਾਰੀ ਚੱਕ ਦੀ ਖੋਜ ਕੀਤੀ ਸੀ। ਘੜੇ ਉਪਰ ਬੁੱਲੇਸ਼ਾਹ ਦੀ ਕਵਿਤਾ ਵਿੱਚੋਂ ਘੜੇ ਨੂੰ ਬਣਾਉਣ ਦਾ ਢੰਗ ਤੇ ਮੁਟਿਆਰਾ ਵੱਲੋਂ ਇਸ ਦੀ ਵਰਤੋਂ ਪੂਰੀ ਸਪੱਸ਼ਟ ਹੋ ਜਾਂਦੀ ਹੈ। ਇਸ ਕਵਿਤਾ ਰਾਹੀਂ ਬੁੱਲੇਸ਼ਾਹ ਮਨੁੱਖ ਨੂੰ ਲੋੜੀਂਦਾ ਸੰਦੇਸ਼ ਦਿੰਦੇ ਹੋਏ ਕਹਿੰਦੇ ਹਨ, ਜੋ ਤੂੰ ਆਪਣੇ ਜੀਵਨ ਵਿੱਚ ਨੇਕ ਕਮਾਈ ਤੇ ਸਖ਼ਤ ਮਿਹਨਤ ਕਰੇਗਾ ਤਾਂ ਫ਼ਲ ਖੁਸ਼ਹਾਲੀ ਦੇ ਰੂਪ ਵਿੱਚ ਤੈਨੂੰ ਇਸੇ ਜੀਵਨ ਵਿੱਚ ਜ਼ਰੂਰ ਮਿਲੇਗਾ।

ਇੱਕ ਵਾਰ ਇੱਕ ਮੁਟਿਆਰ ਘੜੇ ਨੂੰ ਢਾਕ ਉਪਰ ਰੱਖ ਕੇ ਪਾਣੀ ਭਰਨ ਜਾ ਰਹੀ ਸੀ ਤਾਂ ਬੁੱਲ੍ਹੇ ਸ਼ਾਹ ਨੇ ਕਾਫ਼ੀ ਦੇ ਰੂਪ ਲਿੱਚ ਕੁਝ ਲਾਈਨਾਂ ਲਿਖੀਆਂ-

*ਨੇਕ ਨਸੀਬ ਤੇਰੇ ਓ ਘੜਿਆ,*
*ਚੜ੍ਹਿਆ ਜਾਨਾ ਢਾਕ ਪਰਾਈ,*
*ਚੂੜੇ ਵਾਲੀ ਬਾਂਹ ਸੱਜਣਾਂ ਦੀ,*
*ਜਾਨਾ ਗਲ ਵਿੱਚ ਪਾਈ।*
*ਘੜੇ ਵੱਲੋਂ ਬੁੱਲ੍ਹੇਸ਼ਾਹ ਨੂੰ ਜਵਾਬ-*
*ਪਹਿਲਾਂ ਵਾਢ ਕਹੀਆਂ ਦੀ ਖਾਧੀ,*
*ਫਿਰ ਘਰ ਘੁਮਿਆਰਾਂ ਆਏ,*
*ਪਾਣੀ ਵਿੱਚ ਰਲ ਗਾਰਾ ਹੋਏ,*
*ਅਸੀਂ ਚੱਕ 'ਤੇ ਸੀਸ ਕਟਾਏ,*
*ਅੱਠ ਪਹਿਰ ਅੱਗ ਹਿਜ਼ਰ ਦੀ ਸਾੜੀ,*
*ਅਸੀਂ ਉਥੇ ਰੰਗ ਵਟਾਏ,*
*ਗਲੀ-ਗਲੀ ਫਿਰ ਦਿੱਤਾ ਹੋਕਾ,*
*ਫਿਰ ਘਰ ਸੱਜਣਾਂ ਦੇ ਆਏ,*
*ਰੱਸੀ ਬੰਨ੍ਹ ਫਿਰ ਖੂਹ ਵਿੱਚ ਲਮਕੇ*
*ਅਸੀਂ ਗਿਣ-ਗਿਣ ਗੋਤੇ ਲਾਏ,*
*ਐਨੇ ਦੁੱਖ ਝੱਲ-ਝੱਲ ਕੇ ਬੁੱਲ੍ਹਿਆ*
*ਅਸੀਂ ਢਾਕ ਮਹਿਬੂਬ ਦੀ ਆਏ।*

ਪੰਜਾਬੀ ਸਾਹਿਤ ਵਿੱਚ ਘੜੇ ਦੀ ਅਹਿਮ ਥਾਂ ਹੈ। ਘੜੇ ਬਗੈਰ ਸੋਹਣੀ-ਮਹੀਵਾਲ ਦਾ ਕਿੱਸਾ ਅਧੂਰਾ ਹੈ। ਪੰਜਾਬੀ ਦੇ ਸਾਹਿਤਕ-ਾਰ ਸੁਖਦੇਵ ਮਾਦਪੁਰੀ ਨੇ ਸੋਹਣੀ-ਮਹੀਵਾਲ ਦੇ ਕਿੱਸੇ ਵਿੱਚ ਘੜੇ ਦਾ ਬਹੁਤ ਖੂਬਸੂਰਤ ਜ਼ਿਕਰ ਕੀਤਾ ਹੈ:

*ਰਾਤ ਹਨੇਰੀ ਲਿਸ਼ਕਣ ਤਾਰੇ,*
*ਕੱਚੇ ਘੜੇ ਉੱਤੇ ਮੈਂ ਤਰਦੀ,*
*ਵੇਖੀਂ ਰੱਬਾ ਖੈਰ ਕਰੀਂ,*
*ਤੇਰੀ ਆਸ 'ਤੇ ਮੂਲ ਨਾ ਡਰਦੀ।*
*ਨਦੀਓਂ ਪਾਰ ਮੇਰੇ ਮਾਹੀ ਦਾ ਡੇਰਾ,*
*ਮੈਨੂੰ ਵੀ ਲੈ ਚੱਲ ਪਾਰ ਘੜਿਆ।*
*ਵੇਖਣ ਨੂੰ ਦੋਵੇਂ ਨੈਣ ਤਰਸਦੇ.*
*ਮੇਲ ਦਈਂ ਦਿਲਦਾਰ ਘੜਿਆ*

ਪੰਜਾਬੀ ਦੇ ਉਘੇ ਸਾਹਿਤਕਾਰ ਜਗਮੋਹਨ ਸਿੰਘ ਨੇ ਸੋਹਣੀ ਅਤੇ ਘੜੇ ਦੀ ਗਾਥਾ ਨੂੰ ਵਰਤ ਕੇ ਮਨੁੱਖੀ ਸੰਘਰਸ਼ ਨੂੰ ਆਪਣੀ ਕਵਿਤਾ ਰਾਹੀਂ ਚਿੱਤਰਿਆ ਹੈ-

*ਚੁੱਪ ਰਹਿੰਦਾ ਤਾਂ ਮਿਹਣੇ ਸਹਿੰਦਾ,*
*ਬੋਲਾਂ ਤਾਂ ਹੱਥ ਕੜੀਆਂ ਨੇ,*
*ਇਸ਼ਕ ਤੇਰੇ ਵਿੱਚ ਮੇਰੇ ਯਾਰਾ,*
*ਦੁਸ਼ਵਾਰੀਆਂ ਵੀ ਬੜੀਆਂ ਨੇ,*
*ਜੇ ਰੁਕਦਾ ਤਾਂ ਝੂਠਾ ਪੈਂਦਾ,*
*ਲੋਕਾਂ ਤੂਹਮਤਾਂ ਜੜੀਆਂ ਨੇ,*
*ਅੰਦਰੋਂ ਔਖਾ ਬਾਹਰੋਂ ਸੌਖਾ,*
*ਸਾਖੀ ਹੰਝੂ ਝੜੀਆਂ ਨੇ,*
*ਹਿੰਮਤ ਕਰਕੇ ਠਿੱਲ੍ਹ ਪੈ ਮਿੱਤਰਾ,*
*ਦਿਲ ਨੇ ਅੜੀਆਂ ਫੜੀਆਂ ਨੇ।*

ਮੁੱਢਲੇ ਕਿੱਸਾਕਾਰ ਸੂਫੀ ਕਵੀ ਫੈਜ਼ਲ ਸ਼ਾਹ ਸਈਦ ਨੇ ਸੋਗਣੀ ਮਹੀਵਾਲ ਦੇ ਕਿੱਸੇ ਵਿੱਚ ਕੱਚੇ ਘੜੇ ਦਾ ਚਿਤਰਨ ਬਹੁਤ ਹੀ ਖੂਬਸੂਰਤੀ ਨਾਲ ਕੀਤਾ ਹੈ-

ਮੁੱਖ ਮੋੜਿਆਂ ਇਸ਼ਕ ਨੂੰ ਲਾਜ ਲੱਗੇ,
ਮਹੀਂਵਾਲ 'ਤੇ ਜਾਨ ਕੁਰਬਾਨ ਮੀਆਂ।
ਓੜਕ ਬੰਨ੍ਹ ਮੁੰਡਾਸੜਾ ਠਿੱਲ੍ਹ ਪਈ,
ਕੱਚੇ ਘੜੇ ਉਤੇ ਲਾਇਆ ਤਾਨ ਮੀਆਂ।
ਸ਼ਾਲਾ ਮਰੇ ਉਸ ਘੜਾ ਵਟੇਂਦਰੀ ਦਾ,
ਜਿਹੜੀ ਅਸਾਂ ਵਿਛੋੜ ਨਿਹਾਲ ਹੋਈ।

ਖੂਹ ਅਤੇ ਮੁਟਿਆਰ ਨਾਲ ਘੜੇ ਦਾ ਅਟੁੱਟ ਰਿਸ਼ਤਾ ਰਿਹਾ ਹੈ। ਜਦੋਂ ਮੁਟਿਆਰ ਖੂਹ ਉਪਰ ਪਾਣੀ ਭਰਨ ਜਾਂਦੀ ਸੀ ਤਾਂ ਉਹ ਘਰੋਂ ਦੋ ਘੜੇ ਲੈ ਕੇ ਤੁਰਦੀ ਸੀ। ਰਸਤੇ ਵਿੱਚ ਉਸ ਨੂੰ ਹੋਰ ਮੁਟਿਆਰਾਂ ਦਾ ਸੰਗ ਮਿਲਦਾ ਜਾਂਦਾ ਸੀ। ਮੁਟਿਆਰਾਂ ਵਾਰੀ-ਵਾਰੀ ਖੂਹ ਵਿੱਚ ਲੱਜ ਲਮਕਾ ਕੇ ਪਾਣੀ ਕੱਢਦੀਆਂ ਤੇ ਆਪਣੇ ਘੜੇ ਸਿਰ ਅਤੇ ਦੂਜਾ ਢਾਕ ਉਪਰ, ਮੁਟਿਆਰ ਦੀ ਤੋਰ ਅੱਗੇ ਇੰਦਰ ਦੇਵਤਾ ਦੀਆਂ ਰਾਣੀਆਂ ਵੀ ਫਿੱਕੀਆਂ ਪੈ ਜਾਂਦੀਆਂ ਸਨ।

ਘੜੇ ਪਰਵਾਰ ਦੇ ਦੂਸਰੇ ਮੈਂਬਰਾਂ ਦੀ ਗੱਲ ਕਰਨੀ ਵੀ ਜ਼ਰੂਰੀ ਬਣਦੀ ਹੈ ਕਿਉਂਕਿ ਉਹ ਵੀ ਪੰਜਾਬੀ ਸੱਭਿਆਚਾਰ ਦੇ ਅਹਿਮ ਭਾਗ ਹਨ। ਘੜੇ ਪਰਵਾਰ ਦੇ ਮੈਂਬਰਾਂ ਦੇ ਵੱਖੋ-ਵੱਖਰੇ ਨਾਵਾਂ ਤੋਂ ਪੰਜਾਬੀ ਭਾਸ਼ਾ ਦੀ ਵੰਨਗੀ ਦੀ ਝਲਕ ਨਜ਼ਰ ਆਉਂਦੀ ਹੈ। ਤੌਲਾ, ਚਾਟੀ, ਝੱਕਰੀ, ਝੱਕਰਾ, ਕੁੱਜਾ, ਕੂੰਡਾ, ਚੂੰਗੜਾ, ਸੁਰਾਹੀ ਆਦਿ ਇਹਦੇ ਪਰਵਾਰ ਦੇ ਮੈਂਬਰ ਹਨ। ਇਨ੍ਹਾਂ ਮੈਂਬਰਾਂ ਦੀ ਬਣਤਰ ਤੇ ਵਰਤੋਂ ਵੱਖ-ਵੱਖ ਹੁੰਦੀ ਹੈ। ਇਹਦੇ ਸਮੁੱਚੇ ਪਰਵਾਰ ਨਾਲ ਬਹੁਤ ਸਾਰੀਆਂ ਸੱਭਿਆਚਾਰਕ ਰਸਮਾਂ ਤੇ ਤਿਉਹਾਰ ਜੁੜੇ ਹੋਏ ਹਨ। ਕਿਸੇ ਜਿਉਂਦੇ ਜਾਗਦੇ ਸੱਭਿਆਚਾਰ ਲਈ ਇਹ ਲਾਜ਼ਮੀ ਬਣ ਜਾਂਦਾ ਹੈ ਕਿ ਇਹ ਕੇਵਲ ਉਨ੍ਹਾਂ ਭੌਤਿਕ ਵਸਤੂਆਂ ਨਾਲ ਸਨੇਹ ਅਤੇ ਜਸ਼ਨਾਂ ਦੀਆਂ ਰਸਮਾਂ ਜੋੜੇ, ਜਿਨ੍ਹਾਂ ਨੂੰ ਇਹ ਨਿੱਤ ਜੀਵਨ ਵਿੱਚ ਬਹੁਤ ਵੱਧ ਵਰਤਦਾ ਹੈ। ਕੁੱਜੇ ਨਾਲ ਪੰਜਾਬੀ ਸੱਭਿਆਚਾਰ ਪਤੀ-ਪਤਨੀ ਦਾ ਪਿਆਰ ਦਰਸਾਉਂਦਾ ਇੱਕ ਖੂਬਸੂਰਤ ਤਿਉਹਾਰ 'ਕਰੂਆ' ਜੁੜਿਆ ਹੈ। ਝੱਕਰੀ ਨਾਲ ਮਾਂ-ਪੁੱਤ ਦੇ ਪਿਆਰ ਨੂੰ ਦਰਸਾਉਂਦਾ ਭਾਵਨਾਤਮਕ ਤਿਉਹਾਰ 'ਝੱਕਰੀ' ਜੁੜਿਆ ਹੈ। ਇਸੇ ਤਰ੍ਹਾਂ ਚੂੰਗੜਿਆਂ ਦੀਵਿਆਂ ਨਾਲ ਭਾਰਤ ਦੇਸ਼ ਦਾ ਸਭ ਤੋਂ ਵੱਡਾ ਤਿਉਹਾਰ ਦੀਵਾਲੀ ਜੁੜਿਆ ਹੋਇਆ ਹੈ।ਘੜੇ ਨਾਲ ਪੰਜਾਬੀ ਸੱਭਿਆਚਾਰ ਦੀਆਂ ਅਨੇਕਾਂ ਰਸਮਾਂ ਜੁੜੀਆਂ ਹਨ। ਨਵੇਂ ਘਰ ਪ੍ਰਵੇਸ਼ ਕਰਨ ਵੇਲੇ ਸੁਆਣੀ ਸਿਰ ਉਪਰ ਪਾਣੀ ਦਾ ਘੜਾ ਲੈ ਕੇ ਪ੍ਰਵੇਸ਼ ਕਰਦੀ ਹੈ। ਮ੍ਰਿਤ ਪ੍ਰਾਣੀ ਦੇ ਕਿਰਿਆ ਕਰਮ ਵੇਲੇ ਘੜਾ ਭੰਨਿਆ ਜਾਂਦਾ ਹੈ। ਇਸ ਰਸਮ ਨਾਲ ਪੰਚਾਇਤ ਵੱਲੋਂ ਪ੍ਰਵਾਨਗੀ ਦਿੱਤੀ ਜਾਂਦੀ ਹੈ, ਵਿਅਕਤੀ ਮ੍ਰਿਤਕ ਹੈ, ਇਸ ਦਾ ਅਗਨੀ ਸੰਸਕਾਰ ਕੀਤਾ ਜਾਵੇ।

ਘੜੇ ਨੂੰ ਬਣਾਉਣ ਵਾਲੀਆਂ ਵਧੇਰੇ ਕਰਕੇ ਔਰਤਾਂ ਹੁੰਦੀਆਂ ਹਨ। ਉਨ੍ਹਾਂ ਦੀ ਤਮੰਨਾ ਹੁੰਦੀ ਹੈ ਕਿ ਮੇਰਾ ਬਣਾਇਆ ਘੜਾ ਲੋਕਾਂ ਨੂੰ ਜੀਵਨ ਦਾਨ ਦਿੰਦਾ ਰਹੇ। ਇੱਕ ਖੂਬਸੂਰਤ ਪ੍ਰਸੰਗ ਇਸ ਗੱਲ ਉੱਤੇ ਰੋਸ਼ਨੀ ਪਾਉਂਦਾ ਹੈ-ਮਾਰੂਥਲ ਵਿੱਚ ਇੱਕ ਔਰਤ ਜਰਨੈਲੀ ਸੜਕ ਉੱਤੇ ਵਣ ਹੇਠਾਂ ਬੈਠੀ ਘੜੇ ਵੇਚ ਰਹੀ ਸੀ। ਉਸ ਕੋਲ ਇੱਕ ਕਾਰ ਆ ਕੇ ਰੁਕੀ। ਕਾਰ ਦੇ ਮਾਲਕ ਨੇ ਸਾਰੇ ਘੜੇ ਖਰੀਦ ਲਏ। ਫੇਰ ਉਸ ਨੇ ਆਪਣੇ ਡਰਾਈਵਰ ਨੂੰ ਹੁਕਮ ਦਿੱਤਾ, ਇੱਕ-ਇੱਕ ਕਰਕੇ ਸਾਰੇ ਘੜੇ ਦੂਰ ਰੇਤ ਉੱਤੇ ਰੱਖ ਆਵੇ। ਔਰਤ ਉਤਸੁਕਤਾ ਨਾਲ ਦੇਖ ਰਹੀ ਸੀ। ਡਰਾਈਵਰ ਨੇ ਪਹਿਲਾ ਘੜਾ ਰੱਖਿਆ, ਮਾਲਕ ਨੇ ਆਪਣੀ ਬੰਦੂਕ ਨਾਲ ਨਿਸ਼ਾਨਾ ਮਾਰਿਆ। ਘੜੇ ਦੇ ਟੁੱਟਣ ਦੀ ਆਵਾਜ਼ ਔਰਤ ਦੀ ਹਿੱਕ ਵਿੱਚ ਗੋਲੀ ਵਾਂਗ ਵੱਜੀ। ਉਸ ਨੇ ਡਰਾਈਵਰ ਦੇ ਹੱਥੋਂ ਦੂਜਾ ਘੜਾ ਖੋਹ ਲਿਆ ਅਤੇ ਲਏ ਪੈਸੇ ਵਾਪਸ ਦਿੰਦੇ ਹੋਏ ਕਹਿਣ ਲੱਗੀ,'ਮੇਰੀ ਕਿਰਤ, ਕਲਾ ਤੇ ਭਾਵਨਾ ਜੁੜੀ ਹੋਈ ਹੈ, ਇਹ ਦੂਸਰਿਆਂ ਨੂੰ ਜੀਵਨ ਦਾਨ ਦੇਣ ਲਈ ਬਣੇ ਹਨ, ਭੰਨਣ ਲਈ ਨਹੀਂ।"

ਵੈਦਿਕ ਸਾਹਿਤ ਅਤੇ ਪਰੰਪਰਾਵਾਂ ਵਿੱਚ ਦੇਵੀਆਂ ਦੇ ਇੱਕ ਹੱਥ ਵਿੱਚ ਕੁੱਜਾ ਰੂਪੀ ਕਲਸ਼ ਹੁੰਦਾ ਹੈ। ਵੇਦਾਂ ਵਿੱਚ ਕਲਸ਼ ਨੂੰ ਜ਼ਿੰਦਗੀ ਦਾ ਸਰੋਤ ਕਿਹਾ ਗਿਆ ਹੈ। ਜਦੋਂ ਦੇਵਤਿਆਂ ਤੇ ਰਾਖਸ਼ਾਂ ਨੇ ਸਮੁੰਦਰ ਮੰਥਨ ਕੀਤਾ ਤਾਂ ਸੋਮਰਸ ਅਤੇ ਅੰਮ੍ਰਿਤ ਨੂੰ ਦੋ ਘੜਿਆਂ ਵਿੱਚ ਪਾਇਆ ਸੀ। ਬਾਲਮੀਕ ਰਮਾਇਣ ਅਨੁਸਾਰ ਹਲ ਚਲਾਉਣ ਵੇਲੇ ਰਾਜਾ ਜਨਕ ਨੂੰ ਛੋਟੀ ਬੱਚੀ ਘੜੇ ਵਿੱਚ ਪਈ ਮਿਲੀ ਸੀ, ਜੋ ਵੱਡੀ ਹੋ ਕੇ ਸੀਤਾ ਦੇ ਰੂਪ ਵਿੱਚ ਸ੍ਰੀ ਰਾਮ ਚੰਦਰ ਜੀ ਦੀ ਸਾਥਣ ਬਣੀ। ਸਚਮੁੱਚ ਘੜਾ ਮਨੁੱਖੀ ਇਤਿਹਾਸ ਦੀ ਪਹਿਲੀ ਵਿਗਿਆਨਕ ਖੋਜ ਸੀ, ਜਿਸ ਨੇ ਮਨੁੱਖ ਨੂੰ ਕੱਚੇ ਮਾਸ ਦੇ ਸੇਵਨ ਵਾਲੇ ਪਸ਼ੂ ਜੀਵਨ ਵਿੱਚ ਪ੍ਰਵੇਸ਼ ਕਰਾਇਆ। ਘੜੇ ਪਰਵਾਰ ਦੀ ਉਤਪਤੀ ਅਤੇ ਇਸ ਦੀ ਵਰਤੋਂ ਆਪਣੇ ਆਪ ਵਿੱਚ ਸੰਪੂਰਨ ਸੰਸਕ੍ਰਿਤੀ ਹੈ।

## ਪੰਜਾਬ ਵਿੱਚ ਕੁਲੈਕਟਰ ਰੇਟ ਵਧਣ ਨਾਲ ਘਰਾਂ, ਪਲਾਟਾਂ, ਖੇਤਾਂ ਦੀਆਂ ਰਜਿਸਟਰੀਆਂ ਮਹਿੰਗੀ ਹੋਈਆਂ

ਚੰਡੀਗੜ੍ਹ, 12 ਜੁਲਾਈ (ਪੋਸਟ ਬਿਊਰੋ)- ਪੰਜਾਬ ਸਰਕਾਰ ਨੇ ਇਸ ਰਾਜ ਵਿੱਚ ਜ਼ਮੀਨਾਂ ਦੇ ਕੁਲੈਕਟਰ ਰੇਟ ਵਧਾ ਦਿੱਤੇ ਹਨ, ਜਿਸ ਨੂੰ ਕਈ ਲੋਕ ਨਵਾਂ ਬੋਝ ਦੱਸਦੇ ਹਨ, ਪਰ ਕਿਸਾਨ ਖੁਸ਼ ਹਨ, ਜਿੱਥੇ ਜ਼ਮੀਨਾਂ ਐਕੁਆਇਰ ਹੋ ਰਹੀਆਂ ਹਨ। ਪ੍ਰਾਪਰਟੀ ਦਾ ਕੰਮ ਕਰਦੇ ਡੀਲਰ ਇਸ ਵਾਧੇ ਤੋਂ ਨਾਖੁਸ਼ ਹਨ, ਕਿਉਂਕਿ ਉਨ੍ਹਾਂ ਨੂੰ ਸ਼ੱਕ ਹੈ ਕਿ ਬਿਜ਼ਨਿਸ ਘਟੇਗਾ। ਇਸ ਤੋਂ ਇਲਾਵਾ ਖਰੀਦਦਾਰਾਂ ਲਈ ਨਵੇਂ ਘਰ, ਪਲਾਟ ਅਤੇ ਜ਼ਮੀਨਾਂ ਦੀ ਖਰੀਦ ਕਰਨੀ ਮਹਿੰਗਾ ਹੋ ਜਾਵੇਗਾ।

ਆਮ ਆਦਮੀ ਪਾਰਟੀ ਦੀ ਸਰਕਾਰ ਨੇ ਖਜ਼ਾਨੇ ਲਈ ਵਸੀਲੇ ਜੁਟਾਉਣ ਵਜੋਂ ਪੰਜਾਬ ਦੀ ਪ੍ਰਾਪਰਟੀ ਦੇ ਸਰਕਾਰੀ ਰੇਟ11 ਜੁਲਾਈ ਤੋਂ ਵਧਾ ਦਿੱਤੇ ਹਨ। ਹਰ ਜ਼ਿਲ੍ਹਾ ਕੁਲੈਕਟਰ ਨੇ ਜੂਨ ਦੇ ਆਖਰੀ ਹਫਤੇ ਤੋਂ ਪ੍ਰਾਪਰਟੀ ਦੇ ਨਵੇਂ ਸਰਕਾਰੀ ਭਾਅ ਤੈਅ ਕਰਨ ਦੀ ਪ੍ਰਕਿਰਿਆ ਸ਼ੁਰੂ ਕਰ ਦਿੱਤੀ ਸੀ। ਕਈ ਜ਼ਿਲ੍ਹਿਆਂ ਵਿੱਚ ਕੁਝ ਦਿਨ ਪਹਿਲਾਂ ਨਵੇਂ ਭਾਅ ਲਾਗੂ ਕੀਤੇ ਗਏ ਸਨ, ਬਾਕੀ ਸੂਬੇ ਵਿੱਚ ਕੱਲ੍ਹ ਤੋਂ ਵਧੀਆਂ ਕੀਮਤਾਂ ਉੱਤੇ ਨਵੀਆਂ ਰਜਿਸਟਰੀਆਂ ਸ਼ੁਰੂ ਹੋ ਗਈਆਂ ਹਨ। ਔਸਤ ਤੀਹ ਤੋਂ ਚਾਲੀ ਫੀਸਦੀ ਕੁਲੈਕਟਰ ਰੇਟ ਵਧਾਏ ਗਏ ਹਨ। ਸ਼ਹਿਰੀ ਖਿੱਤੇ ਵਿੱਚ ਵੱਧ ਭਾਅ ਮਿਥੇ ਗਏ ਹਨ, ਪੇਂਡੂ ਖੇਤਰ ਵਿੱਚ 25 ਤੋਂ ਤੀਹ ਫੀਸਦੀ ਵਾਧਾ ਕੀਤਾ ਗਿਆ ਹੈ। ਬਠਿੰਡਾ ਸ਼ਹਿਰ ਵਿੱਚ ਕਾਂਗਰਸੀ ਨਗਰ ਕੌਂਸਲਰਾਂ ਨੇ ਕੁਲੈਕਟਰ ਰੇਟ ਵਿੱਚ ਵਾਧੇ ਦਾ ਵਿਰੋਧ ਕੀਤਾ ਹੈ। ਜਲੰਧਰ ਜ਼ਿਲ੍ਹੇ ਵਿੱਚ ਪ੍ਰਾਪਰਟੀ ਡੀਲਰਾਂ ਨੇ ਕੁਝ ਸਮਾਂ ਪਹਿਲਾਂ ਕੁਲੈਕਟਰ ਰੇਟ ਨਾ ਵਧਾਉਣ ਦੀ ਮੰਗ ਰੱਖੀ ਸੀ। ਬਠਿੰਡਾ ਸ਼ਹਿਰ ਵਿੱਚ ਡੇਢ ਤੋਂ ਤਿੰਨ ਗੁਣਾ ਤਕ ਕੁਲੈਕਟਰ ਰੇਟ ਵਧਿਆ ਹੈ। ਐਡਵੋਕੇਟ ਸੁਰਜੀਤ ਸਿੰਘ ਬਰਾੜ (ਬਠਿੰਡਾ) ਨੇ ਕਿਹਾ ਕਿ ਖਰੀਦਦਾਰਾਂ ਉੱਤੇ ਇਸ ਦਾ ਬੋਝ ਪਵੇਗਾ ਤੇ ਕਿਸਾਨੀ ਇਸ ਵਾਧੇ ਤੋਂ ਖੁਸ਼ ਹੈ। ਮੋਹਾਲੀ ਜ਼ਿਲ੍ਹੇ ਵਿੱਚ ਪੈਂਤੀ ਤੋਂ ਪੰਜਾਹ ਫੀਸਦੀ ਕੁਲੈਕਟਰ ਰੇਟ ਵਧਗਏ ਹਨ। ਰਿਹਾਇਸ਼ੀ ਪਲਾਟਾਂ ਦੇ ਕੁਲੈਕਟਰ ਰੇਟ ਪੈਂਤੀ ਫੀਸਦੀ ਵਧਾਏ ਹਨ। ਨਵਾਂ ਸ਼ਹਿਰ ਜ਼ਿਲ੍ਹੇ ਵਿੱਚ ਤੀਹ ਤੋਂ ਪੈਂਤੀ ਫੀਸਦੀ ਤੇ ਸੰਗਰੂਰ ਜ਼ਿਲ੍ਹੇ ਵਿੱਚ ਤੀਹ ਫੀਸਦੀ ਤੋਂ ਵੱਧ ਰੇਟ ਵਧਾਏ ਗਏ ਹਨ। ਪਟਿਆਲਾ ਜ਼ਿਲ੍ਹੇ ਵਿੱਚ ਪੈਂਤੀ ਫੀਸਦੀ ਤਕ ਕੁਲੈਕਟਰ ਰੇਟ ਵਧੇ ਹਨ ਤੇ ਇਸ ਜ਼ਿਲ੍ਹੇ ਦੇ ਪਿੰਡਾਂ ਵਿੱਚ ਵੀਹ ਤੋਂ 25 ਫੀਸਦੀ ਤਕ ਭਾਅ ਵਧਾਏ ਹਨ। ਹਰ ਜ਼ਿਲ੍ਹੇ ਵਿੱਚ ਨਵੇਂ ਰੇਟਾਂ ਉੱਤੇ ਰਜਿਸਟਰੀਆਂ ਹੋ ਰਹੀਆਂ ਹਨ। ਸਰਕਾਰ ਨੂੰ ਇਸ ਨਾਲ ਮਾਲ ਮਹਿਕਮੇ ਤੋਂ ਆਮਦਨੀ ਵਿੱਚ ਵੱਡਾ ਵਾਧਾ ਹੋਣ ਦਾ ਅਨੁਮਾਨ ਹੈ। ਅਕਾਲੀ-ਭਾਜਪਾ ਗੱਠਜੋੜ ਸਰਕਾਰ ਦੇ ਆਖਰੀ ਮਾਲੀ ਵਰ੍ਹੇ ਦੌਰਾਨ ਕੁਲੈਕਟਰ ਰੇਟਾਂ ਵਿੱਚ 10 ਫੀਸਦੀ ਕਟੌਤੀ ਕੀਤੀ ਗਈ ਸੀ ਕਾਂਗਰਸ ਹਕੂਮਤ ਨੇ ਇੱਕ ਵਾਰ 15 ਫੀਸਦੀ ਤਕ ਰੇਟ ਘਟਾਏ ਸਨ। ਕੋਰੋਨਾ ਕਾਲ ਦੌਰਾਨ ਕੁਲੈਕਟਰ ਰੇਟ ਨਾ ਵਧਾਏ ਗਏ ਅਤੇ ਨਾ ਘਟਾਏ ਸਨ। ਸ਼ਹਿਰਾਂ ਦੇ ਪ੍ਰਾਪਰਟੀ ਕਾਰੋਬਾਰੀ ਤਰਕ ਦਿੰਦੇ ਹਨ ਕਿ ਕੁਲੈਕਟਰ ਰੇਟਾਂ ਦਾ ਬੇਤਹਾਸ਼ਾ ਵਾਧਾ ਕਾਰੋਬਾਰ ਨੂੰ ਚੌਪਟ ਕਰੇਗਾ ਅਤੇ ਲੋਕਾਂ ਉੱਤੇ ਨਵਾਂ ਬੋਝ ਪਵੇਗਾ।

ਪੰਜਾਬ ਵਿੱਚ ਦੋ ਕੁ ਸਾਲਾਂ ਤੋਂ ਸੜਕੀ ਪ੍ਰੋਜੈਕਟਾਂ ਤਹਿਤ ਕਾਫੀ ਜ਼ਮੀਨਾਂ ਐਕੁਆਇਰ ਹੋ ਰਹੀਆਂ ਹਨ। ਕੁਲੈਕਟਰ ਰੇਟ ਘੱਟ ਹੋਣ ਕਰ ਕੇ ਕਿਸਾਨਾਂ ਨੂੰ ਜ਼ਮੀਨਾਂ ਦਾ ਪੂਰਾ ਭਾਅ ਨਹੀਂ ਮਿਲ ਰਿਹਾ ਸੀ। ਜਿਨ੍ਹਾਂ ਦੀ ਜ਼ਮੀਨ ਕਿਸੇ ਪ੍ਰੋਜੈਕਟ ਲਈ ਐਕੁਆਇਰ ਹੋਣ ਦੀ ਪ੍ਰਕਿਰਿਆ ਅਧੀਨ ਹੈ, ਉਹ ਕਿਸਾਨ ਖੁਸ਼ ਹਨ। ਇਨ੍ਹਾਂ ਕਿਸਾਨਾਂ ਨੂੰ ਜ਼ਮੀਨਾਂ ਦਾ ਵਧੇ ਕੁਲੈਕਟਰ ਰੇਟ ਮੁਤਾਬਕ ਵਧ ਭਾਅ ਮਿਲਣ ਦੀ ਉਮੀਦ ਬੱਝੀ ਹੈ।

## ਰਾਘਵ ਚੱਢਾ ਪੰਜਾਬ ਸਰਕਾਰ ਲਈ ਸਲਾਹਕਾਰ ਕਮੇਟੀ ਦੇ ਚੇਅਰਮੈਨ ਬਣਾਏ ਗਏ



ਚੰਡੀਗੜ੍ਹ, 12 ਜੁਲਾਈ (ਪੋਸਟ ਬਿਊਰੋ)- ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਰਾਜ ਸਭਾ ਮੈਂਬਰ ਰਾਘਵ ਚੱਢਾ ਨੂੰ ਸੂਬਾ ਸਰਕਾਰ ਦੀ ਸਲਾਹਕਾਰ ਕਮੇਟੀ ਦਾ ਚੇਅਰਮੈਨ ਨਿਯੁਕਤ ਕੀਤਾ ਹੈ।

ਇਹ ਐਲਾਨ ਕਰਦਿਆਂ ਮੁੱਖ ਮੰਤਰੀ ਦਫ਼ਤਰ ਦੇ ਬੁਲਾਰੇ ਨੇ ਦੱਸਿਆ ਕਿ ਮੁੱਖ ਮੰਤਰੀ ਨੇ ਇਸ ਬਾਰੇ ਫਾਈਲ ਨੂੰ ਕੱਲ੍ਹ ਮਨਜ਼ੂਰੀ ਦੇ ਦਿੱਤੀ। ਮਾਡਰਨ ਸਕੂਲ ਬਾਰਾਖੰਬਾਅਤੇ ਲੰਡਨ ਸਕੂਲ ਆਫ਼ ਇਕਨਾਮਿਕਸ ਆਦਿ ਵਿਸ਼ਵ ਪ੍ਰਸਿੱਧ ਸਿੱਖਿਆ ਸੰਸਥਾਵਾਂ ਤੋਂ ਪੜ੍ਹੇ ਰਾਘਵ ਚੱਢਾ ਪੇਸ਼ੇ ਤੋਂ ਚਾਰਟਰਡ ਅਕਾਊਂਟੈਂਟ ਹਨ ਅਤੇ ਉਨ੍ਹਾਂ ਕੋਲ ਵਿਸ਼ਵ ਦੀਆਂ ਕਈ ਵੱਡੀਆਂ ਕਾਰਪੋਰੇਟ ਫਰਮਾਂ ਵਿੱਚ ਕੰਮ ਕਰਨ ਦਾ ਤਜ਼ਰਬਾ ਹੈ। ਜਲੰਧਰ ਨਾਲ ਸਬੰਧਤ ਰਾਘਵ ਚੱਢਾ ਦਾ ਪਰਵਾਰ ਕੁਝ ਦਹਾਕੇ ਪਹਿਲਾਂ ਕੰਮ ਦੇ ਬਿਹਤਰ ਮੌਕੇ ਦੀ ਭਾਲ ਵਿੱਚ ਦਿੱਲੀ ਗਿਆ ਸੀ। ਰਾਘਵ ਚੱਢਾ ਦਿੱਲੀ ਦੀ ਪੰਜਾਬੀ ਅਕਾਦਮੀ ਨੂੰ ਪੈਰਾਂ ਸਿਰ ਕਰਨ ਲਈ ਅਹਿਮ ਭੂਮਿਕਾ ਨਿਭਾਈ ਸੀ। ਇਸ ਨਵੀਂ ਭੂਮਿਕਾ ਵਿੱਚ ਰਾਘਵ ਚੱਢਾ ਦੇ ਮੋਢਿਆਂ ਉੱਤੇ ਪੰਜਾਬ ਵਿੱਚ ਆਪ ਸਰਕਾਰ ਦੀਆਂ ਲੋਕ-ਪੱਖੀ ਪਹਿਲਕਦਮੀਆਂ ਲਾਗੂ ਕਰਨ ਦੀ ਜ਼ਿੰਮੇਵਾਰੀ ਹੋਵੇਗੀ ਅਤੇ ਉਹ ਵਿੱਤ ਨਾਲ ਸਬੰਧਤ ਮੁੱਦਿਆਂ ਉੱਤੇ ਸਰਕਾਰ ਨੂੰ ਸਲਾਹ ਦੇਣਗੇ।

## ਆਟੇ ਦੀ ਹੋਮ ਡਿਲੀਵਰੀ ਲਈ ਪੰਜਾਬ ਸਰਕਾਰ ਵੱਲੋਂ ਟੈਂਡਰ ਜਾਰੀ



ਚੰਡੀਗੜ੍ਹ, 12 ਜੁਲਾਈ (ਪੋਸਟ ਬਿਊਰੋ)- ਰਾਸ਼ਟਰੀ ਖੁਰਾਕ ਸੁਰੱਖਿਆ ਕਾਨੂੰਨ ਤਹਿਤ ਲਾਭਪਾਤਰੀਆਂ ਉੱਤੇ ਆਰਥਿਕ ਬੋਝ ਘਟਾਉਣ ਅਤੇ ਲਾਭਪਾਤਰੀ ਸੁਖਾਲੇ ਅਤੇ ਪਾਰਦਰਸ਼ੀ ਢੰਗ ਨਾਲ ਆਪਣਾ ਮਹੀਨਾਵਾਰ ਰਾਸ਼ਨ ਪ੍ਰਾਪਤ ਕਰ ਸਕਣ, ਇਸ ਨੂੰ ਯਕੀਨੀ ਬਣਾਉਣ ਲਈ ਪੰਜਾਬ ਦੇ ਖੁਰਾਕ ਸਿਵਲ ਸਪਲਾਈ ਅਤੇ ਖਪਤਕਾਰ ਮਾਮਲੇ ਵਿਭਾਗ ਵੱਲੋਂ ਰਾਸ਼ਨ ਦੀ ਹੋਮ ਡਿਲੀਵਰੀ ਦੀ ਸੇਵਾ ਨੂੰ ਸ਼ੁਰੂ ਕਰ ਦੇ ਵੇਰਵੇ ਜਾਰੀ ਕੀਤੇ ਹਨ।

ਇਸ ਬਾਰੇ ਸੂਬਾ ਸਰਕਾਰ ਦੇ ਬੁਲਾਰੇ ਨੇ ਦੱਸਿਆ ਕਿ ਨਵੀਂ ਬਣੀ ਪੰਜਾਬ ਰਾਜ ਸਹਿਕਾਰੀ ਡੀ2ਡੀ ਮਾਰਕੀਟਿੰਗ ਸੁਸਾਈਟੀ ਲਿਮਟਿਡ ਨੇ ਡਿਲੀਵਰੀ ਸੇਵਾਵਾਂ ਨੂੰ ਸ਼ਾਮਲ ਕਰਨ ਅਤੇ ਫਲੋਰ ਮਿੱਲਾਂ ਨੂੰ ਸੂਚੀਬੱਧ ਕਰਨ ਲਈ ਟੈਂਡਰ ਜਾਰੀ ਕੀਤੇ ਹਨ। ਉਨ੍ਹਾਂ ਦੱਸਿਆ ਕਿ ਵੱਧ ਤੋਂ ਵੱਧ ਪਾਰਦਰਸ਼ਤਾ ਤੇ ਵਿਆਪਕ ਭਾਗੀਦਾਰੀ ਯਕੀਨੀ ਬਣਾਉਣ ਲਈ, ਡਿਲੀਵਰੀ ਸੇਵਾਵਾਂ ਸਬੰਧੀ ਟੈਂਡਰ ਦੇਸ਼ ਭਰ ਵਿਚਲੇ ਇੱਕ ਪ੍ਰਮੁੱਖ ਆਰਥਿਕ ਅਖ਼ਬਾਰ ਵਿੱਚ ਛਾਪੇ ਗਏ ਹਨ ਤੇ ਇਸ ਦੇ ਮੁਲਾਂਕਣ ਸਮੇਤ ਸਾਰੀ ਟੈਂਡਰ ਪ੍ਰਕਿਰਿਆ ਸੂਬਾ ਸਰਕਾਰ ਦੇ ਈ-ਪ੍ਰੋਕਿਊਰਮੈਂਟ ਪੋਰਟਲ ਉੱਤੇ ਆਨਲਾਈਨ ਹੋਵੇਗੀ।

ਇਸ ਸੇਵਾ ਬਾਰੇਸਰਕਾਰ ਦੇ ਬੁਲਾਰੇ ਨੇ ਕਿਹਾ ਕਿ ਲਾਭਪਾਤਰੀ ਨੂੰ ਰਾਸ਼ਨ ਦੀਆਂ ਦੁਕਾਨਾਂ ਅੱਗੇ ਕਤਾਰਾਂ ਵਿੱਚ ਉਡੀਕ ਕਰਨ ਅਤੇ ਆਪਣੀ ਦਿਹਾੜੀ ਛੱਡਣ ਦੀ ਲੋੜ ਨਹੀਂ ਪਵੇਗੀ। ਉਨ੍ਹਾਂ ਕਿਹਾ ਕਿ ਇਸ ਪ੍ਰਕਿਰਿਆ ਵਿੱਚ ਕਿਸੇ ਵੀ ਖ਼ਰਾਬੀ ਨੂੰ ਦੂਰ ਕੀਤਾ ਜਾਵੇਗਾ ਕਿਉਂ ਜੋ ਕਣਕ ਦੇ ਮੁਕਾਬਲੇ ਆਟੇ ਵਿੱਚ ਘਪਲਾ ਕਰਨਾ ਵੱਧ ਔਖਾ ਹੈ। ਉਨ੍ਹਾਂ ਦੱਸਿਆ ਕਿ ਪਹਿਲੀ ਵਾਰ ਐਸ ਐਮ ਐਸ ਸੇਵਾ ਸ਼ੁਰੂ ਕੀਤੀ ਜਾ ਰਹੀ ਹੈ, ਜਿਸ ਨਾਲ ਲਾਭਪਾਤਰੀ ਨੂੰ ਰਾਸ਼ਨ ਦੀ ਹੋਮ ਡਿਲੀਵਰੀ ਦੀ ਮਿਤੀ ਬਾਰੇ ਪਹਿਲਾਂਸੂਚਿਤ ਕਰ ਦਿੱਤਾ ਜਾਵੇਗਾ।ਰਾਸ਼ਨ ਵੰਡ ਦੀ ਰਫ਼ਤਾਰ ਵਿੱਚ ਸੁਧਾਰ ਬਾਰੇ ਬੁਲਾਰੇ ਨੇ ਦੱਸਿਆ ਕਿ ਇਹ ਪਹਿਲੀ ਵਾਰ ਹੈ ਕਿ ਆਟੇ ਦੇ ਰੂਪ ਵਿੱਚ ਅਨਾਜ ਦੀ ਸਾਲ ਭਰ ਨਿਰੰਤਰ ਵੰਡ ਜਾਰੀ ਰੱਖੀ ਜਾਵੇਗੀ, ਜੋ ਅੱਜ ਦੀ ਮੌਜੂਦਾ ਸਥਿਤੀ ਦੇ ਬਿਲਕੁਲ ਉਲਟ ਹੋਵੇਗਾ, ਜਦੋਂ ਮੰਡੀਆਂ ਵਿੱਚ ਪੀ ਡੀ ਐਸ ਕਣਕ ਦੀ ਮੁੜ ਵਿਕਰੀ ਨੂੰ ਰੋਕਣ ਲਈ ਮਾਰਚ, ਅਪ੍ਰੈਲ ਅਤੇ ਮਈ ਦੌਰਾਨ ਕਣਕ ਵੰਡ ਉੱਤੇ ਰੋਕ ਲਗਾਈ ਗਈ।

## ਟਰਾਈਡੈਂਟ ਵਾਲੇ ਡਾ. ਰਾਜਿੰਦਰ ਗੁਪਤਾ ਫਿਰ ਯੋਜਨਾ ਬੋਰਡ ਪੰਜਾਬ ਦੇ ਉੱਪ ਚੇਅਰਮੈਨ ਬਣੇ



ਬਰਨਾਲਾ, 12 ਜੁਲਾਈ (ਪੋਸਟ ਬਿਊਰੋ)- ਪੰਜਾਬ ਸਰਕਾਰ ਨੇ ਟ੍ਰਾਈਡੈਂਟ ਗਰੁੱਪ ਦੇ ਮੋਢੀ ਅਤੇ ਪ੍ਰਸਿੱਧ ਉਦਯੋਗਪਤੀ ਡਾ. ਰਜਿੰ-ਦਰ ਗੁਪਤਾ ਨੂੰ ਪੰਜਾਬ ਸਟੇਟ ਇਕੋਨਾਮਿਕ ਪਾਲਿਸੀ ਤੇ ਯੋਜਨਾ ਬੋਰਡ ਦਾ ਤਿੰਨ ਸਾਲ ਲਈ ਉਪ ਚੇਅਰਮੈਨ ਨਿਯੁਕਤ ਕੀਤਾ ਹੈ।ਉਹ ਪਹਿਲਾਂ ਅਕਾਲੀ-ਭਾਜਪਾ ਸਰਕਾਰ ਦੇ ਸਮੇਂ ਤੇ ਫਿਰ ਕਾਂਗਰਸ ਸਰਕਾਰ ਵਿੱਚ ਯੋਜਨਾ ਬੋਰਡ ਦੇ ਵਾਈਸ ਚੇਅਰਮੈਨ ਰਹੇ ਹਨ੍ਹ ਆਮ ਆਦਮੀ ਪਾਰਟੀ ਦੀ ਸਰਕਾਰ ਬਣਨ ਪਿੱਛੋਂ ਸਰਕਾਰ ਨੇ ਯੋਜਨਾ ਬੋਰਡ ਭੰਗ ਕਰਕੇ ਉਸਦੀ ਜਗ੍ਹਾ ਪੰਜਾਬ ਸਟੇਟ ਇਕੋਨਾਮਿਕ ਪਾਲਿਸੀ ਅਤੇ ਯੋਜਨਾ ਬੋਰਡ ਬਣਾਇਆ ਸੀ ਜਿਸਦਾ ਕੱਲ੍ਹ ਡਾ. ਗੁਪਤਾ ਨੂੰ ਵਾਈਸ ਚੇਅਰਮੈਨ ਨਿਯੁਕਤ ਕਰ ਦਿੱਤਾ ਗਿਆ ਹੈ।ਡਾ. ਗੁਪਤਾ ਨੇ ਕਿਹਾ ਕਿ ਉਨ੍ਹਾਂ ਨੂੰ ਜੋ ਡਿਊਟੀ ਸੌਂਪੀ ਗਈ ਹੈ, ਉਹ ਉਸ ਨੂੰ ਤਨਦੇਹੀ ਨਾਲ ਨਿਭਾਉਣਗੇ।

## ਟਰੱਕ ਨੇ ਸਕੂਟਰੀ ਨੂੰ ਪਿੱਛੋਂ ਟੱਕਰ ਮਾਰੀ, ਅਧਿਆਪਕਾ ਦੀ ਮੌਤ




ਮੂਣਕ, 12 ਜੁਲਾਈ (ਪੋਸਟ ਬਿਊਰੋ)- ਸ਼ਹਿਰ ਦੇ ਤਾਲਿਬ ਚੌਕ ਨੇੜੇ ਮੂਣਕ ਤੋਂ ਜਾਖਲ ਲਈ ਸਕੂਟਰੀ ਉੱਤੇ ਜਾ ਰਹੀ ਇੱਕ ਅਧਿਆਪਕਾ ਨੂੰ ਇੱਕ ਟਰੱਕ ਚਾਲਕ ਨੇ ਪਿੱਛੋਂ ਟੱਕਰ ਮਾਰ ਦਿੱਤੀ ਜਿਸ ਕਾਰਨ ਉਸ ਦੀ ਮੌਕੇ ਉੱਤੇ ਮੌਤ ਹੋ ਗਈ ਤੇ ਸਕੂਟਰੀ ਨੂੰ ਅੱਗ ਲੱਗਣ ਕਾਰਨ ਮੌਕੇ ਉੱਤੇ ਮੌਜੂਦ ਲੋਕਾਂ ਨੇ ਅੱਗ ਉੱਤੇ ਕਾਬੂ ਪਾਇਆ। ਮੂਣਕ ਪੁਲਸ ਨੇ ਟਰੱਕ ਚਾਲਕ ਨੂੰ ਗ੍ਰਿਫ਼ਤਾਰ ਕਰ ਕੇ ਮਾਮਲਾ ਦਰਜ ਕਰ ਲਿਆ ਹੈ।

ਮਿਲੀ ਜਾਣਕਾਰੀ ਅਨੁਸਾਰ ਬਬੀਨਾ ਪਤਨੀ ਸੰਦੀਪ ਕੁਮਾਰ ਉਮਰ 30 ਸਾਲ ਪਿੰਡ ਡਗਰੋਲੀ (ਚਰਖੀ ਦਾਦਰੀ) ਹਰਿਆਣਾ ਮੌਜੂਦਾ ਅਬਾਦ ਜਾਖ਼ਲ ਸਕੂਲ ਹਮੀਰਗੜ੍ਹ ਵਿੱਚ ਪੜ੍ਹਾਉਂਦੀ ਸੀ ਅਤੇ ਰੋਜ਼ ਵਾਂਗ ਆਪਣੇ ਸਕੂਲ ਤੋਂ ਵਾਇਆ ਮੂਣਕ ਜਾਖਲ ਜਾ ਰਹੀ ਸੀ। ਤਾਲਿਬ ਚੌਕ ਨੇੜੇ ਟਰੱਕ ਨੇ ਪਿੱਛੋਂ ਟੱਕਰ ਮਾਰ ਦਿੱਤੀ ਜਿਸ ਦੀ ਮੌਕੇ ਉੱਤੇ ਮੌਤ ਹੋ ਗਈ। ਟਰੱਕ ਚਾਲਕ ਇਸ ਘਟਨਾਂ ਪਿੱਛੋਂ ਫ਼ਰਾਰ ਹੋ ਗਿਆ ਸੀ।ਲੋਕਾਂ ਨੇ ਪੁਲਸ ਨੂੰ ਨਾਲ ਲੈ ਕੇ ਟਰੱਕ ਚਾਲਕ ਨੂੰ ਗ੍ਰਿਫ਼ਤਾਰ ਕਰਵਾ ਕੇ ਮੂਣਕ ਥਾਣੇ ਵਿਖੇ ਮਾਮਲਾ ਦਰਜ ਕਰਵਾਇਆ ਹੈ।

## ਸਿੱਧੂ ਮੂਸੇਵਾਲਾ ਕੇਸ: ਸਾਬਕਾ ਮੰਤਰੀ ਦੇ ਭਤੀਜੇ ਸੰਦੀਪ ਸਿੰਘ ਕਾਹਲੋਂ ਦੇ ਘਰੋਂ ਦੋ ਵਿਦੇਸ਼ੀ ਪਿਸਤੌਲ ਬਰਾਮਦ



ਲੁਧਿਆਣਾ, 12 ਜੁਲਾਈ (ਪੋਸਟ ਬਿਊਰੋ)- ਸਿੱਧੂ ਮੂਸੇਵਾਲਾ ਕਤਲ ਕੇਸ ਵਿੱਚ ਪੁਲਸ ਵੱਲੋਂ ਗ੍ਰਿਫ਼ਤਾਰ ਕੀਤੇ ਗੋਲਡੀ ਬਰਾੜ ਅਤੇ ਲਾਰੈਂਸ ਬਿਸ਼ਨੋਈ ਗੈਂਗਸਟਰ ਦੇ ਸਾਥੀ ਸੰਦੀਪ ਸਿੰਘ ਕਾਹਲੋਂ ਦੇ ਘਰੋਂਪੁਲਸ ਨੂੰ ਦੋ ਵਿਦੇਸ਼ੀ ਪਿਸਤੌਲ ਮਿਲੇ ਹਨ, ਜਿਸ ਬਾਰੇ ਅਗਲੀ ਜਾਂਚ ਕੀਤੀ ਜਾ ਰਹੀ ਹੈ। ਇਸ ਬਾਰੇ ਡੀ ਸੀ ਪੀ ਵਰਿੰਦਰ ਸਿੰਘ ਬਰਾੜ ਨੇ ਦੱਸਿਆ ਕਿ ਮੁੱਢਲੀ ਪੁੱਛਗਿੱਛ ਦੌਰਾਨ ਸੰਦੀਪ ਸਿੰਘ ਕਾਹਲੋਂ ਨੇ ਮੰਨਿਆ ਕਿ ਜਗਜੀਤ ਸਿੰਘ ਉਰਫ਼ ਜੱਗੂ ਭਗਵਾਨਪੁਰੀਏ ਦੇ ਕਹਿਣ ਉੱਤੇ ਰਣਜੀਤ ਸਿੰਘ ਉਸ ਨੂੰ ਇਹ ਪਿਸਤੌਲ ਸਿੱਧੂ ਮੂਸੇਵਾਲਾ ਕਤਲ ਤੋਂ ਪਹਿਲਾਂ ਦੇ ਕੇ ਗਿਆ ਸੀ। ਪੁਲਸ ਵੱਲੋਂ ਸੰਦੀਪ ਸਿੰਘ ਕਾਹਲੋਂ ਪਿੰਡ ਦਾਦੂਜੋਧ ਜ਼ਿਲ੍ਹਾ ਗੁਰਦਾਸਪੁਰ ਦੇ ਘਰ ਛਾਪੇ ਵੇਲੇ ਉਥੋਂ ਦੋ ਵਿਦੇਸ਼ੀ ਪਿਸਤੌਲ ਮਿਲੇ ਹਨ। ਇਨ੍ਹਾਂ ਵਿੱਚ ਇੱਕ ਪਿਸਤੌਲ 45 ਬੋਰ, ਜਿਹੜਾ ਯੂ ਐਸ ਏ ਦਾ ਬਣਿਆ ਹੈ, ਦੇ ਮੈਗਜ਼ੀਨ ਅਤੇ 28 ਜ਼ਿੰਦਾ ਰੌਂਦ ਵੀ ਮਿਲੇ ਹਨ।ਇਸ ਤੋਂ ਇਲਾਵਾ ਪੁਲਸ ਨੂੰ ਇੱਕ ਪਿਸਟਲ 9 ਐਮ ਐਮ ਜਰਮਨੀ ਦਾ ਬਣਿਆ ਹੋਇਆ ਵੀ ਮਿਲਿਆ ਹੈ।






# ਭਾਰਤ ਨੇ ਸ੍ਰੀਲੰਕਾ ਵਿੱਚ ਫੌਜ ਭੇਜਣ ਦੀਆਂ ਰਿਪੋਰਟਾਂ ਦਾ ਖੰਡਨ ਕੀਤਾ



ਕੋਲੰਬੋ, 12 ਜੁਲਾਈ (ਪੋਸਟ ਬਿਊਰੋ)- ਭਾਰਤ ਨੇ ਸ੍ਰੀਲੰਕਾ ਵਿੱਚ ਵਿਗੜੇ ਹਾਲਾਤ ਉੱਤੇ ਕਾਬੂ ਪਾਉਣ ਲਈ ਉਥੇ ਫੌਜ ਭੇਜਣ ਦੀਆਂ ਰਿਪੋਰਟਾਂ ਤੋਂ ਇਨਕਾਰ ਕੀਤਾ ਹੈ। ਇਸ ਤੋਂ ਪਹਿਲਾਂ ਮਈ ਵਿੱਚ ਵੀ ਭਾਰਤੀ ਹਾਈ ਕਮਿਸ਼ਨ ਨੇ ਮੀਡੀਆ ਵਿੱਚ ਆਈਆਂ ਅਜਿਹੀਆਂ ਰਿਪੋਰਟਾਂ ਨੂੰ ਰੱਦ ਕੀਤਾ ਸੀ।

ਭਾਰਤੀ ਹਾਈ ਕਮਿਸ਼ਨ ਨੇ ਦੇਰ ਰਾਤ ਇੱਕ ਟਵੀਟ ਕੀਤਾ ਕਿ ''ਸ੍ਰੀਲੰਕਾ ਵਿੱਚ ਭਾਰਤ ਵੱਲੋਂ ਫੌਜ ਭੇਜਣ ਦੀਆਂ ਮੀਡੀਆ ਦੇ ਇੱਕ ਵਰਗ ਅਤੇ ਸੋਸ਼ਲ ਮੀਡੀਆ ਉੱਤੇ ਫੈਲੀਆਂ ਰਿਪੋਰਟਾਂ ਨੂੰ ਅਸੀਂ ਪੂਰੀ ਤਰ੍ਹਾਂ ਰੱਦ ਕਰਦੇ ਹਾਂ। ਇਹ ਖ਼ਬਰਾਂ ਤੇ ਅਜਿਹੇ ਵਿਚਾਰ ਭਾਰਤ ਸਰਕਾਰ ਦੇ ਰਵੱਈਏ ਮੁਤਾਬਕ ਨਹੀਂ ਹਨ।'' ਹਾਈ ਕਮਿਸ਼ਨ ਦਾ ਇਹ ਟਵੀਟ ਭਾਜਪਾ ਦੇ ਸੀਨੀਅਰ ਆਗੂ ਸੁਬਰਾਮਨੀਅਮ ਸਵਾਮੀ ਦੇ ਟਵੀਟ ਮਗਰੋਂ ਆਇਆ ਹੈ। ਸਵਾਮੀ ਨੇ ਟਵੀਟ ਕੀਤਾ ਸੀ, 'ਗੋਟਾਬਾਯਾ ਅਤੇ ਮਹਿੰਦਾ ਰਾਜਪਕਸ਼ੇ ਦੋਵੇਂ ਭਾਰੀ ਬਹੁਮਤ ਨਾਲ ਚੋਣਾਂ ਜਿੱਤ ਕੇ ਆਏ ਹਨ। ਭਾਰਤ ਕਿਵੇਂ ਭੀੜ ਨੂੰ ਚੋਣਾਂ ਦੇ ਫੈਸਲੇ ਨੂੰ ਪਲਟਣ ਦੀ ਇਜਾਜ਼ਤ ਦੇ ਸਕਦਾ ਹੈ? ਫਿਰ ਤਾਂ ਸਾਡੇ ਗੁਆਂਢ ਵਿੱਚ ਕੋਈ ਜਮਹੂਰੀ ਦੇਸ਼ ਸੁਰੱਖਿਅਤ ਨਹੀਂ ਰਹੇਗਾ। ਜੇ ਰਾਜਪਕਸ਼ੇ ਭਾਰਤ ਤੋਂ ਫੌਜੀ ਸਹਾਇਤਾ ਚਾਹੁੰਦੇ ਹਨ ਤਾਂ ਸਾਨੂੰ ਸਹਾਇਤਾ ਕਰਨੀ ਚਾਹੀਦੀ ਹੈ।''

ਹਾਈ ਕਮਿਸ਼ਨ ਨੇ ਇਹ ਵੀ ਕਿਹਾ ਕਿ ਭਾਰਤੀ ਵਿਦੇਸ਼ ਮੰਤਰਾਲੇ ਦੇ ਬੁਲਾਰੇ ਨੇ ਸਪੱਸ਼ਟ ਕਿਹਾ ਹੈ ਕਿ ਭਾਰਤ, ਸ੍ਰੀਲੰਕਾ ਦੇ ਲੋਕਾਂ ਨਾਲੇ ਖੜ੍ਹਾ ਹੈ ਕਿਉਂਕਿ ਉਹ ਲੋਕਰਾਜੀ ਤਰੀਕਿਆਂ, ਸਥਾਪਤ ਅਦਾਰਿਆਂ ਅਤੇ ਸੰਵਿਧਾਨਕ ਢਾਂਚੇ ਰਾਹੀਂ ਖੁਸ਼ਹਾਲੀ ਤੇ ਤਰੱਕੀ ਲਈ ਆਪਣੀਆਂ ਇੱਛਾ ਪੂਰੀਆਂ ਕਰਨੀਆਂ ਚਾਹੁੰਦੇ ਹਨ। ਭਾਰਤੀ ਵਿਦੇਸ਼ ਮੰਤਰਾਲੇ ਦੇ ਬੁਲਾਰੇ ਅਰਿੰਦਮ ਬਾਗਚੀ ਨੇ ਐਤਵਾਰ ਨੂੰ ਕਿਹਾ ਸੀ ਕਿ ਭਾਰਤ, ਸ੍ਰੀਲੰਕਾ ਦੇ ਘਟਨਾਕ੍ਰਮ ਉੱਤੇ ਬਰੀਕੀ ਨਾਲ ਨਜ਼ਰ ਰੱਖ ਰਿਹਾ ਹੈ।

ਉਧਰ ਸ੍ਰੀਲੰਕਾ ਦੇ ਪ੍ਰਧਾਨ ਮੰਤਰੀ ਰਨਿਲ ਵਿਕਰਮਸਿੰਘੇ ਨੇ ਪ੍ਰਦਰਸ਼ਨਕਾਰੀਆਂ ਵੱਲੋਂ ਉਨ੍ਹਾਂ ਦੀ ਨਿੱਜੀ ਰਿਹਾਇਸ਼ ਨੂੰ ਅੱਗ ਲਗਾਏ ਜਾਣ ਮਗਰੋਂ ਪਹਿਲੀ ਵਾਰ ਜਨਤਕ ਤੌਰ ਉੱਤੇ ਪ੍ਰਤੀਕਰਮ ਦਿੰਦਿਆਂ ਕਿਹਾ ਕਿ ਸਿਰਫ ਹਿਟਲਰ ਵਰਗੀ ਮਾਨਸਿਕਤਾ ਵਾਲੇ ਲੋਕ ਹੀ ਇਮਾਰਤਾਂ ਵਿੱਚ ਅੱਗਾਂ ਲਾ ਸਕਦੇ ਹਨ। ਟੀ ਵੀ ਉੱਤੇ ਪ੍ਰਸਾਰਤ ਬਿਆਨ ਵਿੱਚ ਵਿਕਰਮਸਿੰਘੇ ਨੇ ਕਿਹਾ ਕਿ ਉਨ੍ਹਾਂ ਪ੍ਰਧਾਨ ਮੰਤਰੀ ਦਾ ਅਹੁਦਾ ਇਸ ਲਈ ਸਵੀਕਾਰ ਕੀਤਾ ਸੀ ਕਿ ਅਰਥਚਾਰਾ ਸੰਕਟ ਵਿੱਚ ਸੀ। ਉਨ੍ਹਾਂ ਮੁਤਾਬਕ ਕੌਮਾਂਤਰੀ ਮੁਦਰਾ ਕੋਸ਼ ਨੇ ਕਿਹਾ ਕਿ ਸ੍ਰੀਲੰਕਾ ਵਿੱਚ ਅਰਥਚਾਰਾ ਸੁਧਾਰਨ ਵਿੱਚ ਕਰੀਬ ਚਾਰ ਸਾਲ ਲੱਗਣਗੇ। ਪ੍ਰਧਾਨ ਮੰਤਰੀ ਦੇ ਦਫਤਰ ਨੇ ਕਿਹਾ ਹੈ ਕਿ ਸਭ ਪਾਰਟੀਆਂ ਦੀ ਅੰਤ੍ਰਿਮ ਸਰਕਾਰ ਬਣਨ ਮਗਰੋਂ ਪੂਰੀ ਸ੍ਰੀਲੰਕਨ ਕੈਬਨਿਟ ਅਸਤੀਫਾ ਦੇਵੇਗੀ। ਉਨ੍ਹਾਂ ਕਿਹਾ ਕਿ ਕੈਬਨਿਟ ਦੇ ਸਾਰੇ ਮੈਂਬਰਾਂ ਨੇ ਇਸ ਗੱਲ ਉੱਤੇ ਸਹਿਮਤੀ ਪ੍ਰਗਟਾਈ ਕਿ ਜਦੋਂ ਹੀ ਨਵੀਂ ਅੰਤ੍ਰਿਮ ਸਰਕਾਰ ਬਣੀ ਤਾਂ ਉਸ ਨੂੰ ਜ਼ਿੰਮੇਵਾਰੀਆਂ ਸੌਂਪ ਦਿੱਤੀਆਂ ਜਾਣ।

ਸ੍ਰੀਲੰਕਾ ਦੀ ਪਾਰਲੀਮੈਂਟ ਵੱਲੋਂ ਨਵੇਂ ਰਾਸ਼ਟਰਪਤੀ ਦੀ ਚੋਣ 20 ਜੁਲਾਈ ਨੂੰ ਹੋਵੇਗੀ, ਜੋ ਗੋਟਾਬਾਯਾ ਰਾਜਪਕਸ਼ੇ ਦੀ ਥਾਂ ਲਵੇਗਾ, ਜਿਸ ਨੇ 13 ਜੁਲਾਈ ਨੂੰ ਅਹੁਦੇ ਤੋਂ ਅਸਤੀਫਾ ਦੇਣ ਦਾ ਐਲਾਨ ਕਰ ਦਿੱਤਾ ਹੈ। ਸਪੀਕਰ ਮਹਿੰਦਾ ਯਾਪਾ ਅਬੇਯਵਰਦਨਾ ਨੇ ਸਾਰੀਆਂ ਪਾਰਟੀਆਂ ਦੀ ਕੱਲ੍ਹ ਮੀਟਿੰਗ ਪਿੱਛੋਂ ਇਹ ਐਲਾਨ ਕੀਤਾ। ਰਾਸ਼ਟਰਪਤੀ ਰਾਜਪਕਸ਼ੇ ਨੇ ਅਜੇ ਰਸਮੀ ਤੌਰ ਉੱਤੇ ਅਹੁਦੇ ਤੋਂ ਅਸਤੀਫਾ ਨਹੀਂ ਦਿੱਤਾ, ਪਰ ਕੱਲ੍ਹ ਪ੍ਰਧਾਨ ਮੰਤਰੀ ਰਨਿਲ ਵਿਕਰਮਸਿੰਘੇ ਨੇ ਵੀ ਕਿਹਾ ਹੈ ਕਿ ਰਾਜਪਕਸ਼ੇ 13 ਜੁਲਾਈ ਨੂੰ ਅਹੁਦੇ ਤੋਂ ਲਾਂਭੇ ਹੋ ਜਾਣਗੇ। ਸਪੀਕਰ ਅਬੇਯਵਰਦਨਾ ਨੇ ਕਿਹਾ, ''ਰਾਜਪਕਸ਼ੇ ਦਾ ਕੱਲ੍ਹ ਅਸਤੀਫਾ ਮਿਲਣ ਮਗਰੋਂ 15 ਜੁਲਾਈ ਨੂੰ ਪਾਰਲੀਮੈਂਟ ਦਾ ਸੈਸ਼ਨ ਸੱਦਿਆ ਜਾਵੇਗਾ ਜਿਸ ਵਿੱਚ ਰਾਸ਼ਟਰਪਤੀ ਦਾ ਅਹੁਦਾ ਖਾਲੀ ਹੋਣ ਦਾ ਐਲਾਨ ਕੀਤਾ ਜਾਵੇਗਾ। ਫਿਰ 19 ਜੁਲਾਈ ਨੂੰ ਨਾਮਜ਼ਦਗੀਆਂ ਲਈਆਂ ਜਾਣਗੀਆਂ। ਨਵਾਂ ਰਾਸ਼ਟਰਪਤੀ ਚੁਣਨ ਲਈ ਵੀਹ ਜੁਲਾਈ ਨੂੰ ਪਾਰਲੀਮੈਂਟ ਵਿੱਚ ਮਤਦਾਨ ਹੋਵੇਗਾ।''

ਪ੍ਰਧਾਨ ਮੰਤਰੀ ਵਿਕਰਮਸਿੰਘੇ ਨੇ ਵੀ ਅਹੁਦੇ ਤੋਂ ਅਸਤੀਫੇ ਦਾ ਐਲਾਨ ਕੀਤਾ ਹੋਇਆ ਹੈ ਤੇ ਦੇਸ਼ ਦੇ ਸੰਵਿਧਾਨ ਤਹਿਤ ਜੇ ਰਾਸ਼ਟਰਪਤੀ ਅਤੇ ਪ੍ਰਧਾਨ ਮੰਤਰੀ ਅਸਤੀਫੇ ਦੇ ਦਿੰਦੇ ਹਨ ਤਾਂ ਸਪੀਕਰ ਜ਼ਿਆਦਾ ਤੋਂ ਜ਼ਿਆਦਾ ਤੀਹ ਦਿਨਾਂ ਲਈ ਕਾਰਜਕਾਰੀ ਰਾਸ਼ਟਰਪਤੀ ਵਜੋਂ ਸੇਵਾਵਾਂ ਨਿਭਾਏਗਾ। ਪਾਰਲੀਮੈਂਟ ਵੱਲੋਂ ਤੀਹ ਦਿਨਾਂ ਦੇ ਅੰਦਰ ਆਪਣੇ ਹੀ ਇੱਕ ਮੈਂਬਰ ਦੀ ਨਵੇਂ ਰਾਸ਼ਟਰਪਤੀ ਵਜੋਂ ਚੋਣ ਕੀਤੀ ਜਾਵੇਗੀ, ਜੋ ਮੌਜੂਦਾ ਕਾਰਜਕਾਲ ਦੇ ਬਾਕੀ ਰਹਿੰਦੇ ਦੋ ਵਰ੍ਹੇ ਮੁਕੰਮਲ ਕਰੇਗਾ। ਇਸ ਦੌਰਾਨ ਸਪੀਕਰ ਦੇ ਦਫਤਰ ਨੇ ਦਾਅਵਾ ਕੀਤਾ ਹੈ ਕਿ ਗੋਟਾਬਾਯਾ ਰਾਜਪਕਸ਼ੇ ਸ੍ਰੀਲੰਕਾ ਵਿੱਚ ਹੀ ਹਨ ਅਤੇ ਉਹ ਮੁਲਕ ਛੱਡ ਕੇ ਨਹੀਂ ਭੱਜੇ ਹਨ।

## ਸੀ ਐਮ ਐਸ ਦੀ ਨਾਰਾਜ਼ਗੀ:

# ਪਿਓਰ ਹਿੰਦੂ ਏਥੇ ਲਖਨਊ ਵਿੱਚ ਨੌਕਰੀ ਕਰਨ, ਬਾਕੀ ਬਦਾਯੂ ਆਦਿ ਸ਼ਹਿਰਾਂ ਵਿੱਚ



ਬਦਾਯੂੰ, 12 ਜੁਲਾਈ (ਪੋਸਟ ਬਿਊਰੋ)- ਆਪਣੇ ਘਰ ਦੇ ਨੇੜੇ ਟਰਾਂਸਫਰ ਨਾ ਹੋਣ ਉੱਤੇ ਬਦਾਯੂੰ ਜ਼ਿਲ੍ਹਾ ਹਸਪਤਾਲ ਦੇ ਮੁੱਖ ਮੈਡੀਕਲ ਅਧਿਕਾਰੀ (ਸੀ ਐਮ ਐਸ) ਡਾਕਟਰ ਵਿਜੈ ਬਹਾਦਰ ਰਾਮ ਭੜਕ ਗਏ। ਉਨ੍ਹਾਂ ਦੀ ਨਾਰਾਜ਼ਗੀ ਫੇਸਬੁਕ ਪੋਸਟ ਰਾਹੀਂ ਬਾਹਰ ਆਈ। ਕੁਝ ਤਜ਼ਸ ਤੇ ਕੁਝ ਸੰਕੇਤ ਕਰਕੇ ਉਨ੍ਹਾਂ ਲਿਖਿਆ, ''ਜੋ ਪਿਓਰ ਹਿੰਦੂ ਡਾਕਟਰ ਹਨ, ਉਹ ਹੀ ਲਖਨਊ ਵਿੱਚ ਨੌਕਰੀ ਕਰਨਗੇ? ਬਾਕੀ ਲੋਗ ਬਹਿਰਾਈਚ, ਸੋਨਭਦਰ, ਲਲਿਤਪੁਰ ਅਤੇ ਬਦਾਯੂੰ...।''

ਇਸ ਦੌਰਾਨ ਵਿਭਾਗ ਦੇ ਵਿਰੁੱਧ ਉਨ੍ਹਾਂ ਦੇ ਸ਼ਬਦ ਚਰਚਾ ਦਾ ਕਾਰਨ ਬਣੇ ਤਾਂ ਪੋਸਟ ਡਿਲੀਟ ਕਰ ਦਿੱਤੀ, ਪਰ ਉਨ੍ਹਾਂ ਦੀ ਨਾਰਾਜ਼ਗੀ ਕਾਇਮ ਰਹੀ। ਕੱਲ੍ਹ ਉਨ੍ਹਾਂ ਨੇ ਕਿਹਾ, ਮੈਨੂੰ ਬਦਾਯੂੰ ਪਸੰਦ ਨਹੀਂ, ਮੈਂ ਸਾਰਾ ਦਿਨ ਨੇਤਾਵਾਂ ਦੇ ਫੋਨ ਰਿਸੀਵ ਨਹੀਂ ਕਰ ਸਕਦਾ।ਸੀ ਐਮ ਐਸ ਡਾਕਟਰ ਵਿਜੈ ਬਹਾਦਰ ਰਾਮ ਜੌਨਪੁਰ ਦੇ ਰਹਿਣ ਵਾਲੇ ਹਨ। ਲਖਨਊ ਅਤੇ ਲਖੀਮਪੁਰ ਖੀਰੀ ਵਿੱਚ ਵੀ ਉਨ੍ਹਾਂ ਦੇ ਮਕਾਨ ਹਨ। ਲਖੀਮਪੁਰ ਖੀਰੀ ਤੋਂ ਆਉਣ ਪਿੱਛੋਂ ਜ਼ਿਲ੍ਹੇ ਵਿੱਚ ਦੋ ਸਾਲ ਤੋਂ ਸੇਵਾਵਾਂ ਦੇ ਰਹੇ ਹਨ, ਅਗਲੇ ਸਾਲ ਉਨ੍ਹਾਂ ਦੀ ਸੇਵਾਮੁਕਤੀ ਹੋਣੀ ਹੈ। ਉਹ ਚਾਹੁੰਦੇ ਸਨ ਕਿ ਲਖਨਊ ਟਰਾਂਸਫਰ ਹੋ ਜਾਵੇ, ਪਰ ਮਰਜ਼ੀ ਦੀ ਤੈਨਾਤੀ ਨਹੀਂ ਮਿਲ ਸਕੀ। ਇਸੇ ਤੋਂ ਨਾਰਾਜ਼ ਹੋ ਗਏ।

ਨਾਰਾਜ਼ਗੀ ਦੀ ਗੱਲ ਉਠਣ ਉੱਤੇ ਉਨ੍ਹਾਂ ਨੇ ਨੌਂ ਜੁਲਾਈ ਨੂੰ ਸ਼ਬਦਾਂ ਵਿੱਚ ਸੁਧਾਰ ਕਰ ਕੇ ਇੱਕ ਹੋਰ ਪੋਸਟ ਪਾਈ ਅਤੇ ਲਿਖਿਆ, ''ਮੇਰਾ ਟਰਾਂਸਫਰ ਕਰ ਦਿਓ, ਕਿਸੇ ਦਾ ਕਰੋ ਜਾਂ ਨਾ ਕਰੋ। ਦੋ ਸਾਲ ਇੱਥੇ ਬਹੁਤ ਹੋ ਗਏ, ਕਿਤੇ ਵੀ ਕਰ ਦਿਓ।'' 'ਪਿਓਰ ਹਿੰਦੂ' ਪੋਸਟ ਦਾ ਅਰਥ ਜਾਣਨ ਲਈ ਉਨ੍ਹਾਂ ਨੂੰ ਫੋਨ ਕੀਤਾ ਤਾਂ ਗੁੱਸਾ ਨਿਕਲ ਪਿਆ। ਕਹਿਣ ਲੱਗੇ, ਫੇਸਬੁਕ ਉੱਤੇ ਮੈਂ ਜੋ ਲਿਖਿਆ, ਉਹ ਠੀਕ ਸੀ। ਕੀ ਅਸੀਂ ਜ਼ਿੰਦਗੀ ਭਰ ਬਦਾਯੂੰ ਵਿੱਚ ਕੰਮ ਕਰਨ ਆਏ ਹਾਂ। ਦੋ ਸਾਲ ਬਹੁਤ ਹੋ ਗਏ। ਮੈਨੂੰ ਇਹ ਜ਼ਿਲ੍ਹਾ ਪਸੰਦ ਨਹੀਂ, ਇਸ ਲਈ ਇੱਥੇ ਕੰਮ ਨਹੀਂ ਕਰਨਾ ਚਾਹੁੰਦਾ। ਇੱਥੇ ਨੇਤਾਵਾਂ ਤੋਂ ਲੈ ਕੇ ਹਰ ਕਿਸੇ ਦੇ ਫੋਨ ਸਾਰਾ ਦਿਨ ਆਉਂਦੇ ਰਹਿੰਦੇ ਹਨ। ਇਸ ਉਮਰ ਵਿੱਚ ਇੰਨੇ ਫੋਨ ਰਿਸੀਵ ਨਹੀਂ ਕੀਤੇ ਜਾਂਦੇ।

ਬਰੇਲੀ ਮੰਡਲ ਦੇ ਮੈਡੀਕਲ ਵਿਭਾਗ ਦੇ ਐਡੀਸ਼ਨਲ ਡਾਇਰੈਕਟਰ ਡਾਕਟਰ ਦੀਪਕ ਓਹਰੀ ਦਾ ਕਹਿਣਾ ਹੈ ਕਿ ਮੈਨੂੰ ਪੋਸਟ ਦੀ ਜਾਣਕਾਰੀ ਨਹੀਂ, ਉਹ ਟਰਾਂਸਫਰ ਦੇ ਬਾਰੇ ਲਿਖਣ, ਪਰ ਕਿਸੇ ਜਾਤੀ-ਧਰਮ ਦੀ ਭਾਵਨਾ ਨਹੀਂ ਜੋੜਨੀ ਚਾਹੀਦੀ। ਉਨ੍ਹਾਂ ਨੇ ਜਨਤਕ ਤੌਰ ਉੱਤੇ ਟਿੱਪਣੀ ਕੀਤੀ ਹੈ, ਇਸ ਲਈ ਕਾਰਵਾਈ ਵੀ ਹੋ ਸਕਦੀ ਹੈ।

# ਬਰੇਲੀ ਦੇ ਗੁਰਦੁਆਰੇ ਵਿੱਚ ਮਾਸ ਸੁੱਟਿਆ, ਕੇਸ ਦਰਜ



ਬਰੇਲੀ, 12 ਜੁਲਾਈ (ਪੋਸਟ ਬਿਊਰੋ)- ਇੱਥੋਂ ਦੇ ਇੱਕ ਗੁਰਦੁਆਰਾ ਕੰਪਲੈਕਸ ਦੇ ਅੰਦਰ ਮਾਸ (ਮੀਟ) ਸੁੱਟਣ ਦਾ ਮਾਮਲਾ ਸਾਹਮਣੇ ਆਇਆ ਹੈ। ਪੁਲਸ ਨੇ ਇਸ ਬਾਰੇ ਕੇਸ ਦਰਜ ਕਰ ਲਿਆ ਹੈ।

ਐਸ ਐਸ ਪੀ ਸਿਧਾਰਥ ਅਨਿਰੁੱਧ ਪੰਕਜ ਨੇ ਕਿਹਾ ਕਿ ਘਟਨਾ ਐਤਵਾਰ ਰਾਤ ਇੱਥੋਂ ਕੋਹਾੜਾਪੀਰ ਇਲਾਕੇ ਵਿੱਚ ਵਾਪਰੀ ਹੈ। ਉਨ੍ਹਾਂ ਕਿਹਾ ਕਿ ਕੁਝ ਸ਼ਰਾਰਤੀ ਅਨਸਰਾਂ ਨੇ ਐਤਵਾਰ ਰਾਤ ਉਥੋਂ ਮਾਹੌਲ ਵਿਗਾੜਨ ਦੀ ਕੋਸ਼ਿਸ਼ ਕੀਤੀ ਹੈ ਜਦੋਂ ਬਕਰੀਦ ਮੌਕੇ ਮੁਸਲਿਮ ਭਾਈਚਾਰਾ ਜਸ਼ਨ ਮਨਾ ਰਿਹਾ ਸੀ, ਪਰ ਸਥਿਤੀ ਕਾਬੂ ਹੇਠ ਹੈ। ਪੁਲਸ ਨੇ ਦੱਸਿਆ ਕਿ ਮੀਟ ਬਰਾਮਦ ਹੋਣ ਤੋਂ ਬਾਅਦ ਵੱਡੀ ਗਿਣਤੀ ਵਿੱਚ ਲੋਕ ਘਟਨਾ ਸਥਾਨ ਉੱਤੇ ਇਕੱਠੇ ਹੋ ਗਏ। ਸੂਚਨਾ ਮਿਲਣ ਉੱਤੇ ਪੁਲਸ ਨੂੰ ਉਥੇ ਭੇਜਿਆ ਗਿਆ। ਗੁਰਦੁਆਰੇ ਵਿੱਚ ਲੱਗੇ ਸੀ ਸੀ ਟੀ ਵੀ ਦੀ ਫੁਟੇਜ ਵੇਖਣ ਤੋਂ ਬਾਅਦ ਪੁਲਸ ਨੇ ਦੱਸਿਆ ਕਿ ਮੀਟ ਡਿੱਗਦਾ ਦਿਖਾਈ ਦੇ ਰਿਹਾ ਹੈ, ਪਰ ਇਸ ਨੂੰ ਸੁੱਟਣ ਵਾਲੇ ਨਜ਼ਰ ਨਹੀਂ ਆਏ। ਗੁਰਦੁਆਰੇ ਦੇ ਪ੍ਰਧਾਨ ਹਰਵੰਤ ਪਾਲ ਸਿੰਘ ਬੇਦੀ ਦੀ ਸ਼ਿਕਾਇਤ ਉੱਤੇ ਕੇਸ ਦਰਜ ਕਰ ਲਿਆ ਹੈ। ਪੁਲਸ ਨੇ ਕਿਹਾ ਕਿ ਇਸ ਘਟਨਾ ਲਈ ਜ਼ਿੰਮੇਵਾਰ ਲੋਕਾਂ ਨੂੰ ਫੜਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਵੱਡੀ ਗਿਣਤੀ ਵਿੱਚ ਪੁਲਸ ਨੇ ਨੀਮ ਫੌਜੀ ਬਲਾਂ ਨੂੰ ਸ਼ਹਿਰ ਦੇ ਨਾਜ਼ਕ ਇਲਾਕਿਆਂ ਵਿੱਚ ਤੈਨਾਤ ਕੀਤਾ ਗਿਆ ਹੈ। ਪੁਲਸ ਪੂਰੇ ਸ਼ਹਿਰ ਵਿੱਚ ਗਸ਼ਤ ਕਰ ਰਹੀ ਹੈ। ਸਿੱਖ ਦੁਕਾਨਦਾਰਾਂ ਨੇ ਕੱਲ੍ਹ ਘਟਨਾ ਦੇ ਖਿਲਾਫ ਰੋਸ ਵਜੋਂ ਆਪਣੀਆਂ ਦੁਕਾਨਾਂ ਦੇ ਸ਼ਟਰ ਬੰਦ ਰੱਖੇ।

# ਪਾਕਿ ਪੱਤਰਕਾਰ ਨੇ ਕਾਂਗਰਸ ਰਾਜ 'ਚ ਭਾਰਤ ਆ ਕੇ ਜਾਸੂਸੀ ਕੀਤੀ



ਇਸਲਾਮਾਬਾਦ, 12 ਜੁਲਾਈ (ਪੋਸਟ ਬਿਊਰੋ)- ਪਾਕਿਸਤਾਨ ਦੇ ਮੰਨੇ-ਪ੍ਰਮੰਨੇ ਪੱਤਰਕਾਰ ਨੁਸਰਤ ਮਿਰਜ਼ਾ ਨੇ ਇੱਕ ਇੰਟਰਵਿਊ ਵਿੱਚ ਇਹ ਕਹਿ ਕੇ ਸਨਸਨੀ ਫੈਲਾ ਦਿੱਤੀ ਹੈ ਕਿ ਉਨ੍ਹਾਂ ਨੇ ਕਾਂਗਰਸ ਰਾਜ ਵਿੱਚ ਕਈ ਵਾਰੀ ਭਾਰਤ ਆ ਕੇ ਪਾਕਿਸਤਾਨੀ ਖੁਫੀਆ ਏਜੰਸੀ ਆਈ ਐਸ ਆਈ ਲਈ ਕਈ ਅਹਿਮ ਸੂਚਨਾਵਾਂਲਈਆਂ ਸਨ। ਉਨ੍ਹਾਂ ਨੂੰ ਓਦੋਂ ਦੇ ਉਪ ਰਾਸ਼ਟਰਪਤੀ ਹਾਮਿਦ ਅੰਸਾਰੀ ਦੇ ਸਮੇਂ ਵਿੱਚ ਕਈ ਵਾਰ ਭਾਰਤ ਆਉਣ ਦਾ ਸੱਦਾ ਮਿਲਿਆ ਸੀ। ਮਿਰਜ਼ਾ ਨੇ ਇਹ ਗੱਲਾਂ ਪਾਕਿ ਵਿਚਲੇ ਯੂ-ਟਿਊਬ ਚੈਨਲ ਚਲਾਉਣ ਵਾਲੇ ਸ਼ਕੀਲ ਚੌਧਰੀ ਨੂੰ ਦਿੱਤੀ ਇੰਟਰਵਿਊ ਵਿੱਚ ਕਹੀਆਂ ਹਨ।

ਪੱਤਰਕਾਰ ਨੁਸਰਤ ਮਿਰਜ਼ਾ ਨੇ ਕਿਹਾ ਕਿ ਉਹ ਪੰਜ ਵਾਰ ਭਾਰਤ ਦੌਰੇ ਉੱਤੇ ਗਏ ਹਨ। ਉਨ੍ਹਾਂ ਨੇ 2011 ਦੇ ਦੌਰੇ ਦਾ ਜ਼ਿਕਰ ਕੀਤਾ ਹੈ। ਇੰਟਰਵਿਊ ਵਿੱਚ ਮਿਰਜ਼ਾ ਨੇ ਭਾਰਤ ਦੇ ਸਾਬਕਾ ਉਪ ਰਾਸ਼ਟਰਪਤੀ ਹਾਮਿਦ ਅੰਸਾਰੀ ਦਾ ਨਾਮ ਲਿਆ ਹੈ। ਅੰਸਾਰੀ 2007 ਤੋਂ 2017 ਤਕ 12ਵੇਂ ਉਪ ਰਾਸ਼ਟਰਪਤੀ ਸਨ। ਮਿਰਜ਼ਾ ਨੇ ਕਿਹਾ, ਮੈਨੂੰ ਉਨ੍ਹਾਂ ਦੇ ਸਮੇਂ ਵਿੱਚ ਭਾਰਤ ਆਉਣ ਦਾ ਸੱਦਾ ਦਿੱਤਾ ਗਿਆ ਸੀ। ਜਦ ਮੈਂ ਵਾਪਸ ਪਾਕਿਸਤਾਨ ਗਿਆ ਤਾਂ ਆਈ ਐਸ ਆਈ ਦੇ ਅਫਸਰ ਨੇ ਕਿਹਾ ਕਿ ਜੋ ਵੀ ਜਾਣਕਾਰੀ ਉਸ ਨੇ ਇਕੱਠੀ ਕੀਤੀ ਹੈ ਉਹ ਆਈ ਐਸ ਆਈ ਦੇ ਓਦੋਂ ਦੇ ਚੀਫ ਜਨਰਲ ਕਿਆਨੀ ਨੂੰ ਦੇਣ। ਇਸ ਉੱਤੇ ਮਿਰਜ਼ਾ ਨੇ ਉਨ੍ਹਾਂ ਦੀ ਅਪੀਲ ਠੁਕਰਾ ਦਿੱਤਾ ਤੇ ਕਿਹਾ ਕਿ ਉਹ ਖੁਦ ਕਿਆਨੀ ਨੂੰ ਇਹ ਜਾਣਕਾਰੀ ਦੇ ਦੇਣ।

ਮਿਰਜ਼ਾ ਨੂੰ ਪਾਕਿਸਤਾਨ ਦੇ ਵਿਦੇਸ਼ ਵਿਭਾਗ ਤੋਂ ਭਾਰਤ ਦਾ ਵੀਜ਼ਾ ਹਾਸਲ ਕਰਨ ਵਿੱਚ ਕਈ ਵਿਸ਼ੇਸ਼ ਅਧਿਕਾਰ ਮਿਲੇ ਹੋਏ ਸਨ। ਆਮ ਤੌਰ ਉੱਤੇ ਪਾਕਿਸਤਾਨੀਆਂ ਨੂੰ ਭਾਰਤ ਜਾਣ ਉੱਤੇ ਕੇਵਲ ਤਿੰਨ ਸ਼ਹਿਰਾਂ ਲਈ ਵੀਜ਼ਾ ਮਿਲਦਾ ਹੈ, ਪਰ ਮਿਰਜ਼ਾ ਨੂੰ ਦਿੱਲੀ, ਬੰਗਲੌਰ, ਚੇਨਈ, ਪਟਨਾ ਤੇ ਕੋਲਕਾਤਾ ਸਮੇਤ ਸੱਤ ਸ਼ਹਿਰਾਂ ਲਈ ਵੀਜ਼ਾ ਮਿਲਦਾ ਸੀ। ਉਨ੍ਹਾਂ ਦਾ ਕਹਿਣਾ ਹੈ ਕਿ ਉਹ ਆਖਰੀ ਵਾਰ ਮਿੱਲੀ ਗੈਜ਼ੇਟ ਅਖ਼ਬਾਰ ਦੇ ਮਾਲਕ ਫਜ਼ਰੁਲ ਇਸਲਾਮ ਦੇ ਸੱਦੇ ਉੱਤੇ ਭਾਰਤ ਗਏ ਸਨ। ਇੱਥੇ ਉਨ੍ਹਾਂ ਨੂੰ ਕਈ ਜਾਣਕਾਰੀਆਂ ਮਿਲੀਆਂ ਸਨ, ਜੋ ਉਨ੍ਹਾਂ ਨੇ ਆਈ ਐਸ ਆਈ ਦੇ ਮੁਖੀ ਨੂੰ ਦਿੱਤੀਆਂ ਸਨ।

## ਛੁੱਟੀ ਨਾ ਮਿਲੀ ਤਾਂ ਨਾਰਾਜ਼ ਸੀ ਆਰ ਪੀ ਐਫ ਜਵਾਨ ਨੇ ਖੁਦ ਨੂੰ ਗੋਲੀ ਮਾਰੀ



ਜੋਧਪੁਰ, 12 ਜੁਲਾਈ (ਪੋਸਟ ਬਿਊਰੋ)- ਰਾਜਸਥਾਨ ਦੇ ਜੋਧਪੁਰ ਸ਼ਹਿਰ ਵਿੱਚ ਅਧਿਕਾਰੀਆਂ ਵੱਲੋਂ ਪੂਰੀ ਰਾਤ ਕਾਫੀ ਦੇਰ ਸਮਝਾਉਣ ਦੇ ਯਤਨ ਦੇ ਬਾਵਜੂਦ ਸੀ ਆਰ ਪੀ ਐਫ ਜਵਾਨ ਨੇ ਕੱਲ੍ਹ ਸਵੇਰੇ ਖੁਦ ਨੂੰ ਗੋਲੀ ਮਾਰ ਕੇ ਖੁਦਕੁਸ਼ੀ ਕਰ ਲਈ। ਜਵਾਨ ਛੁੱਟੀ ਨਾ ਮਿਲਣ ਕਾਰਨ ਗੁੱਸੇ ਵਿੱਚ ਸੀ ਅਤੇ ਉਸ ਨੇ ਆਪਣੇ ਪਰਵਾਰ ਨਾਲ ਖੁਦ ਨੂੰ ਆਪਣੇ ਕੁਆਟਰ ਵਿੱਚ ਬੰਦ ਕਰ ਲਿਆ ਸੀ ਅਤੇ ਖੁਦਕੁਸ਼ੀ ਕਰਨ ਦੀ ਧਮਕੀ ਦੇ ਰਿਹਾ ਸੀ।

ਪਾਲਦੀ ਖਿੰਚਿਆਂ ਵਿੱਚ ਸੀ ਆਰ ਪੀ ਐਫ ਸਿਖਲਾਈ ਕੇਂਦਰ ਵਿੱਚ ਆਪਣੇ ਕੁਆਟਰ ਦੀ ਬਾਲਕੋਨੀ ਤੋਂ ਨਰੇਸ਼ ਜਾਟ ਨੇ ਆਪਣੀ ਇੰਸਾਸ ਰਾਈਫਲ ਨਾਲ ਖੁਦਕੁਸ਼ੀ ਕਰਨ ਦੀ ਧਮਕੀ ਦਿੰਦੇ ਹੋਏ ਹਵਾ ਵਿੱਚ ਗੋਲੀਆਂ ਚਲਾਈਆਂ। ਉਹ ਸੀਨੀਅਰ ਅਧਿਕਾਰੀਆਂ ਵੱਲੋਂ ਛੁੱਟੀ ਨਾ ਦੇਣ ਕਾਰਨ ਨਾਰਾਜ਼ ਸੀ। ਇਸ ਦੀ ਜਾਣਕਾਰੀ ਮਿਲਣ ਉੱਤੇ ਪੁਲਸ ਤੇ ਸੀ ਆਰ ਪੀ ਐਫ ਦੇ ਅਧਿਕਾਰੀ ਮੌਕੇ ਉੱਤੇ ਪਹੁੰਚੇ ਅਤੇ ਉਨ੍ਹਾਂ ਨੇ ਹਥਿਆਰ ਸੁੱਟਣ ਲਈ ਉਸ ਨੂੰ ਮਨਾਉਣ ਦੀ ਕੋਸ਼ਿਸ਼ ਕੀਤੀ ਪਰ ਉਹ ਨਾ ਮੰਨਿਆ।ਪੁਲਸ ਸੂਤਰਾਂ ਨੇ ਦੱਸਿਆ ਕਿ ਜਵਾਨ ਕੱਲ੍ਹ ਉਸ ਨੂੰ ਛੁੱਟੀ ਨਾ ਦਿੱਤੇ ਜਾਣ ਕਾਰਨ ਸੀ ਆਰ ਪੀ ਐਫ ਦੇ ਡੀ ਆਈ ਜੀ ਤੋਂ ਨਾਰਾਜ਼ ਸੀ। ਉਨ੍ਹਾਂ ਕਿਹਾ,''ਦੱਸਿਆ ਜਾਂਦਾ ਹੈ ਕਿ ਕੱਲ੍ਹ ਨਰੇਸ਼ ਨੇ ਡੀ ਆਈ ਜੀ ਤੋਂ ਛੁੱਟੀ ਮੰਗੀ ਸੀ ਪਰ ਅਧਿਕਾਰੀ ਨੇ ਮਨਾ ਕਰ ਦਿੱਤਾ। ਇਸ ਗੱਲ ਤੋਂ ਨਾਰਾਜ਼ ਉਸ ਨੇ ਪਹਿਲਾਂ ਆਪਣੇ ਸਾਥੀ ਦਾ ਹੱਥ ਆਪਣੇ ਦੰਦਾਂ ਨਾਲ ਵੱਢਿਆ, ਜਿਸ ਉੱਤੇ ਉਸ ਵਿਰੁੱਧ ਚਿਤਾਵਨੀ ਜਾਰੀ ਕੀਤੀ ਗਈ। ਨਾਰਾਜ਼ ਜਵਾਨ ਸਿੱਧੇ ਆਪਣੇ ਕੁਆਟਰ ਵਿੱਚ ਗਿਆ ਅਤੇ ਪਤਨੀ ਤੇ ਬੇਟੀ ਨਾਲ ਖੁਦ ਨੂੰ ਅੰਦਰ ਬੰਦ ਕਰ ਲਿਆ।''

# ਅਗਨੀਪਥ ਮਾਮਲੇ ਵਿਚ ਪਾਰਲੀਮੈਂਟਰੀ ਕਮੇਟੀ ਦੀ ਬੈਠਕ ਵਿੱਚ ਸਰਕਾਰ ਨੂੰ ਮਨੀਸ਼ ਤਿਵਾੜੀ ਦਾ ਸਾਥ ਵੀ ਮਿਲਿਆ



ਨਵੀਂ ਦਿੱਲੀ, 12 ਜੁਲਾਈ (ਪੋਸਟ ਬਿਊਰੋ)- ਭਾਰਤਸਰਕਾਰ ਅਤੇ ਤਿੰਨਾਂ ਫੌਜਾਂ ਨੇ ਰੱਖਿਆ ਮੰਤਰਾਲੇ ਦੀ ਪਾਰਲੀਮੈਂਟਰੀ ਸਲਾਹਕਾਰ ਕਮੇਟੀ ਦੀ ਬੈਠਕ ਵਿੱਚ ਫੌਜ ਦੀ ਨਵੀਂ ਭਰਤੀ ਯੋਜਨਾ ਅਗਨੀਪਥ ਨੂੰ ਸਹੀ ਠਹਿਰਾਇਆ, ਪਰ ਵਿਰੋਧੀ ਧਿਰ ਨੇ ਇਸ ਯੋਜਨਾ ਨੂੰ ਤੁਰੰਤ ਵਾਪਸ ਲੈਣ ਮੰਗ ਕੀਤੀ। ਵਿਰੋਧੀ ਧਿਰ ਵੱਲੋਂ ਬੈਠਕ ਵਿੱਚ ਅਗਨੀਪਥ ਸਕੀਮ ਨੂੰ ਵਾਪਸ ਲੈਣ ਦਾ ਸਾਂਝਾ ਪੱਤਰ ਵੀ ਸੌਂਪਿਆ ਗਿਆ, ਪ੍ਰੰਤੂ ਦਿਲਚਸਪ ਗੱਲ ਹੈ ਕਿ ਕਾਂਗਰਸ ਦੇ ਸੀਨੀਅਰ ਪਾਰਲੀਮੈਂਟ ਮੈਂਬਰ ਮਨੀਸ਼ ਤਿਵਾੜੀ ਨੇ ਪੱਤਰ ਉੱਤੇਦਸਤਖ਼ਤ ਕਰਨ ਤੋਂ ਇਨਕਾਰ ਕਰ ਦਿੱਤਾ।

ਮਨੀਸ਼ ਤਿਵਾੜੀ ਦੇ ਇਸ ਰੁਖ਼ ਤੋਂ ਜ਼ਾਹਿਰਾ ਤੌਰ ਉੱਤੇ ਵਿਰੋਧੀ ਧਿਰ ਦੀ ਬੇਇੱਜ਼ਤੀ ਹੋਈ ਹੈ, ਜੋ ਅਗਨੀਵੀਰਾਂ ਦੇ ਰੂਪਾਂ ਵਿੱਚ ਫੌਜ ਵਿੱਚ ਭਰਤੀ ਦਾ ਵਿਰੋਧ ਕਰ ਰਹੀ ਹੈ। ਕਾਂਗਰਸ ਅਤੇ ਵਿਰੋਧੀ ਧਿਰ ਦੀਆਂ ਬਾਕੀ ਪਾਰਟੀਆਂ ਦੇ ਰੁਖ਼ ਤੋਂ ਹਟ ਕੇ ਮਨੀਸ਼ ਤਿਵਾੜੀ ਸ਼ੁਰੂ ਤੋਂ ਅਗਨੀਪਥ ਸਕੀਮ ਦਾ ਸਮਰਥਨ ਕਰ ਰਹੇ ਹਨ।ਵਰਨਣ ਯੋਗ ਹੈ ਕਿ ਮਨੀਸ਼ ਤਿਵਾੜੀ ਨੇ ਅਗਨੀਪਥ ਸਕੀਮ ਦੇ ਸਮਰਥਨ ਵਿੱਚ ਇੱਕ ਅਖਬਾਰ ਵਿੱਚ ਲੇਖ ਵੀ ਲਿਖਿਆ ਅਤੇ ਇਸ ਨੂੰ ਫੌਜ ਵਿੱਚ ਸੁਧਾਰ ਦੇ ਲਈ ਜ਼ਰੂਰੀ ਆਖਿਆ ਸੀ। ਤਦ ਕਾਂਗਰਸ ਦੇ ਜਨਰਲ ਸੈਕਟਰੀ ਜੈਰਾਮ ਰਮੇਸ਼ ਨੇ ਬਿਆਨ ਜਾਰੀ ਕਰ ਕੇ ਸਾਫ ਕੀਤਾ ਸੀ ਕਿ ਇਹ ਪਾਰਟੀ ਦਾ ਰੁਖ਼ ਨਹੀਂ, ਤਿਵਾੜੀ ਦੀ ਨਿੱਜੀ ਰਾਏ ਹੈ।

ਜਾਣਕਾਰ ਸੂਤਰਾਂ ਅਨੁਸਾਰ ਤਿਵਾੜੀ ਨੇ ਸਾਂਝੇ ਪੱਤਰ ਉੱਤੇਦਸਤਖ਼ਤ ਨਹੀਂ ਕੀਤੇ, ਪ੍ਰੰਤੂ ਅਗਨੀਪਥ ਯੋਜਨਾ ਨਾਲ ਜੁੜੀਆਂ ਕੁਝ ਸ਼ੰਕਾਵਾਂ ਬਾਰੇ ਰੱਖਿਆ ਮੰਤਰੀ ਦਾ ਧਿਆਨ ਖਿੱਚਿਆ।ਰੱਖਿਆ ਮੰਤਰਾਲੇ ਦੀ ਪਾਰਲੀਮੈਂਟਰੀ ਸਲਾਹਕਾਰ ਕਮੇਟੀ ਦੀ ਬੈਠਕ ਵਿੱਚ ਰੱਖਿਆ ਮੰਤਰੀ ਰਾਜਨਾਥ ਸਿੰਘ ਤੇ ਤਿੰਨਾਂ ਫੌਜਾਂ ਦੇ ਮੁਖੀਆਂ ਨੇ ਅਗਨੀਪਥ ਭਰਤੀ ਯੋਜਨਾ ਬਾਰੇ ਫੌਜ ਅਤੇ ਸਰਕਾਰ ਦਾ ਪੱਖ ਰੱਖਿਆ। ਤਿੰਨਾਂ ਫੌਜਾਂ ਵੱਲੋਂ ਕਰੀਬ ਦੋ ਘੰਟੇ ਪ੍ਰੈਜ਼ੈਂਟੇਸ਼ਨ ਦਿੱਤਾ ਗਿਆ ਅਤੇ ਰੱਖਿਆ ਮੰਤਰੀ ਰਾਜਨਾਥ ਸਿੰਘ ਨੇ ਵੀ ਇਸ ਸਕੀਮ ਦੀਆਂ ਖੂਬੀਆਂ ਗਿਣਾਈਆਂ। ਸੂਤਰਾਂ ਅਨੁਸਾਰ ਕਾਂਗਰਸ ਐਮ ਪੀ ਸ਼ਕਤੀ ਸਿੰਘ ਗੋਹਿਲ ਨੇ ਕਿਹਾ ਕਿ ਅਗਨੀਪਥ ਸਕੀਮ ਨੂੰ ਪਹਿਲਾਂ ਪਾਇਲਟ ਯੋਜਨਾ ਵਜੋਂ ਅਜ਼ਮਾਉਣਾ ਚਾਹੀਦਾ ਸੀ। ਉਨ੍ਹਾਂ ਕਿਹਾ ਕਿ ਸ਼ੌਰਿਆ ਸਨਮਾਨਾਂ ਨਾਲ ਨਵਾਜ਼ੇ ਗਏ ਸੀਨੀਅਰ ਸਾਬਕਾ ਫੌਜੀ ਅਧਿਕਾਰੀ ਅਤੇ ਮਾਹਰ ਅਗਨੀਪਥ ਯੋਜਨਾ ਦੀ ਆਲੋਚਨਾ ਕਰ ਰਹੇ ਹਨ ਅਤੇ ਮੰਨਦੇ ਹਨ ਕਿ ਸਾਡੀਆਂ ਫੌਜਾਂ ਦੀ ਸਮਰੱਥਾ ਉੱਤੇਉਲਟਾ ਅਸਰ ਹੋਵੇਗਾ।

# ਅਗਲੇ ਸਾਲ ਭਾਰਤ ਦੀ ਆਬਾਦੀ ਚੀਨ ਤੋਂ ਜ਼ਿਆਦਾ ਹੋ ਜਾਵੇਗੀ

ਯੂ ਐਨ ਓ, 12 ਜੁਲਾਈ (ਪੋਸਟ ਬਿਊਰੋ)- ਯੂ ਐਨ ਓ ਦੀ ਇੱਕ ਰਿਪੋਰਟ ਮੁਤਾਬਕ ਭਾਰਤ ਅਗਲੇ ਵਰ੍ਹੇ ਚੀਨ ਨੂੰ ਪਿੱਛਾਂਹ ਛੱਡ ਕੇ ਦੁਨੀਆ ਵਿੱਚ ਸਭ ਤੋਂ ਵੱਧ ਆਬਾਦੀ ਵਾਲਾ ਦੇਸ਼ ਬਣ ਜਾਵੇਗਾ। ਰਿਪੋਰਟ ਵਿੱਚ ਇਹ ਲਾਇਆ ਗਿਆ ਹੈ ਕਿ ਮੌਜੂਦਾ ਵਰ੍ਹੇ ਨਵੰਬਰ ਵਿੱਚ ਦੁਨੀਆ ਦੀ ਆਬਾਦੀ ਅੱਠ ਅਰਬ ਤਕ ਪਹੁੰਚ ਜਾਵੇਗੀ।

ਇਸ ਰਿਪੋਰਟ ਮੁਤਾਬਕ ਇਸ ਵੇਲੇ ਚੀਨ ਦੀ ਆਬਾਦੀ 1.426 ਅਰਬ ਅਤੇ ਭਾਰਤ ਵਿੱਚ 1.412 ਅਰਬ ਹੈ। ਜੇ ਜਨਮ ਲੈਣ ਦੀ ਦਰ ਇਹੋ ਰਹੀ ਤਾਂ ਭਾਰਤ ਦੀ ਆਬਾਦੀ 2050 ਵਿੱਚ 1.668 ਅਰਬ ਹੋ ਜਾਵੇਗੀ, ਜੋ ਚੀਨ ਦੀ 1.317 ਅਰਬ ਨਾਲੋਂ ਕਿਤੇ ਵੱਧ ਹੋਵੇਗੀ। ਯੂ ਐਨ ਓ ਦੇ ਆਰਥਿਕ ਤੇ ਸਮਾਜਕ ਮਾਮਲਿਆਂ ਦੇ ਵਿਭਾਗ ਵੱਲੋਂ 'ਵਿਸ਼ਵ ਆਬਾਦੀ ਸੰਭਾਵਨਾ 2022 ਮੁਤਾਬਕ 1860 ਤੋਂ ਆਲਮੀ ਆਬਾਦੀ ਹੌਲੀ ਰਫਤਾਰ ਨਾਲ ਵਧ ਰਹੀ ਹੈ। ਤਾਜ਼ੇ ਅੰਕੜਿਆਂ ਮੁਤਾਬਕ ਦੁਨੀਆ ਦੀ ਆਬਾਦੀ 2030 ਵਿੱਚ ਕਰੀਬ ਸਾਢੇ ਅੱਠ ਅਰਬ ਤੇ 2050 ਵਿੱਚ 9.7 ਅਰਬ ਹੋਣ ਦੀ ਸੰਭਾਵਨਾ ਹੈ। ਇੱਕ ਅੰਦਾਜ਼ੇ ਮੁਤਾਬਕ 2080ਵੇਂ ਦੌਰਾਨ ਕਰੀਬ 10.4 ਅਰਬ ਹੋ ਸਕਦੀ ਹੈ, ਜੋ 2100 ਤਕ ਇੰਨੀ ਹੀ ਰਹਿ ਸਕਦੀ ਹੈ।

# ਨਿਊਜ਼ੀਲੈਂਡ ਵਿੱਚ ਅਪਰਾਧਿਕ ਮਾਮਲੇ ਲਗਾਤਾਰ ਵਧਣ ਲੱਗੇ



ਆਕਲੈਂਡ, 12 ਜੁਲਾਈ (ਪੋਸਟ ਬਿਊਰੋ)- ਨਿਊਜ਼ੀਲੈਂਡ ਵਿੱਚ ਅਪਰਾਧਿਕ ਕੇਸਾਂ ਦਾ ਗ੍ਰਾਫ ਦਿਨ ਪ੍ਰਤੀ ਦਿਨ ਵਧਦਾ ਜਾ ਰਿਹਾ ਹੈ, ਜਿਸ ਨਾਲ ਇੱਥੋਂ ਦੇ ਲੋਕਾਂ ਵਿੱਚ ਦਹਿਸ਼ਤ ਵਧਦੀ ਜਾ ਰਹੀ ਅਤੇ ਲੋਕ ਸਰਕਾਰ ਅਤੇ ਪੁਲਸ ਦੀ ਕਾਰਗੁਜ਼ਾਰੀ ਉੱਤੇ ਵੀ ਸਵਾਲ ਚੁੱਕ ਰਹੇ ਹਨ। ਬੀਤੇ ਕੁਝ ਮਹੀਨਿਆਂ ਤੋਂ ਰੋਜ਼ ਕਿਸੇ ਨਾ ਕਿਸੇ ਸ਼ਹਿਰ ਵਿੱਚ ਦੁਕਾਨ, ਡੇਅਰੀ, ਸ਼ਾਪਿੰਗ ਮਾਲ, ਗਹਿਣਿਆਂ ਦੀਆਂ ਦੁਕਾਨਾਂ ਉੱਤੇ ਰਾਤ ਨੂੰ ਭੰਨ-ਤੋੜ ਕਰਕੇ ਲੁਟ-ਖੋਹ ਦੀਆਂ ਖ਼ਬਰਾਂ ਆ ਰਹੀਆਂ ਹਨ।

ਕੱਲ੍ਹ ਦੁਪਹਿਰ ਸਮੇਂ ਪਾਪਾਟੋਏਟੋਏ ਖੇਤਰ ਵਿੱਚ ਗ੍ਰੇਟ ਸਾਊਥ ਰੋਡ ਉੱਤੇ ਬਾਜ਼ਾਰ ਵਿੱਚ ਬਣੀ ਏ ਐਨ ਜ਼ੈਡ ਬੈਂਕ ਦੇ ਬਾਹਰੋਂ ਇੱਕ ਵਿਅਕਤੀ ਤੋਂ ਹਥਿਆਰ ਨਾਲ ਲੈਸ ਕੁਝ ਲੁਟੇਰਿਆਂ ਨੇ ਸਾਰੀ ਨਕਦੀ ਖੋਹ ਲਈ ਅਤੇ ਫਰਾਰ ਹੋ ਗਏ। ਨੇੜੇ ਮੌਜੂਦ ਦੁਕਾਨਦਾਰ ਨੇ ਦੱਸਿਆ ਕਿ ਲੁਟੇਰਿਆਂ ਕੋਲ ਹਥਿਆਰ ਸਨ ਤੇ ਉਨ੍ਹਾਂ ਨੇ ਬੈਂਕ ਦੇ ਬਾਹਰੋਂ ਹਥਿਆਰ ਦੀ ਨੋਕ ਉੱਤੇ ਇੱਕ ਵਿਅਕਤੀ ਤੋਂ ਨਕਦੀ ਲੁੱਟ ਲਈ। ਇਸ ਤੋਂ ਬਾਅਦ ਲੋਕਾਂ ਵਿੱਚ ਦਹਿਸ਼ਤ ਦਾ ਮਾਹੌਲ ਹੋਰ ਵੀ ਵਧ ਗਿਆ।

ਰਾਜਧਾਨੀ ਵੈਲਿੰਗਟਨ ਨੇੜੇ ਪੈਂਦੇ ਖੇਤਰ ਹਾਕਸ ਬੇਅ ਦੇ ਸ਼ਹਿਰ ਹੇਸਟਿੰਗ, ਜਿੱਥੇ ਪੰਜਾਬੀਆਂ ਦੀ ਸੰਘਣੀ ਵਸੋਂ ਹੈ, ਵਿਖੇ ਬੀਤੀ ਰਾਤ ਇੱਕ ਪੰਜਾਬੀ ਟੈਕਸੀ ਡਰਾਈਵਰ ਉੱਤੇ ਇੱਕ ਵਿਅਕਤੀ ਨੇ ਜਾਨਲੇਵਾ ਹਮਲਾ ਕਰ ਦਿੱਤਾ। ਪ੍ਰਾਪਤ ਜਾਣਕਾਰੀ ਅਨੁਸਾਰ ਇਹ ਟੈਕਸੀ ਡਰਾਈਵਰ, ਜਿਸ ਦੀ ਉਮਰ 60 ਸਾਲ ਦੇ ਕਰੀਬ ਹੈ, ਨੂੰ ਵੀ ਕਰੀਬ 30-32 ਸਾਲ ਦੇ ਇੱਕ ਨੌਜਵਾਨ ਨੇ ਅੱਧ ਮਰਿਆ ਕਰਕੇ ਸੜਕ ਉੱਤੇ ਸੁੱਟ ਦਿੱਤਾ, ਜਿਸ ਪਿੱਛੋਂ ਇਸ ਨੂੰ ਐਂਬੂਲੈਂਸ ਰਾਹੀਂ ਸਥਾਨਕ ਹਸਪਤਾਲ ਭੇਜਿਆ ਗਿਆ ਪਰ ਹਾਲਤ ਗੰਭੀਰ ਹੋਣ ਕਾਰਨ ਵੈਲਿੰਗਟਨ ਹਸਪਤਾਲ ਭੇਜ ਦਿੱਤਾ ਗਿਆ।






# ਸੁਪਰੀਮ ਕੋਰਟ ਨੇ ਸਪੀਕਰ ਨੂੰ ਊਧਵ ਧੜੇ ਦੇ ਵਿਧਾਇਕਾਂ ਦੇ ਖਿਲਾਫ ਕਾਰਵਾਈ ਤੋਂ ਰੋਕਿਆ

ਨਵੀਂ ਦਿੱਲੀ, 12 ਜੁਲਾਈ (ਪੋਸਟ ਬਿਊਰੋ)- ਸੁਪਰੀਮ ਕੋਰਟ ਦੇ ਮਹਾਰਾਸ਼ਟਰ ਅਸੈਂਬਲੀ ਦੇ ਨਵਨਿਯੁਕਤ ਸਪੀਕਰ ਰਾਹੁਲ ਨਾਰਵੇਕਰ ਨੂੰ ਸਾਬਕਾ ਮੁੱਖ ਮੰਤਰੀ ਊਧਵ ਠਾਕਰੇ ਦੀ ਅਗਵਾਈ ਵਾਲੇ ਸ਼ਿਵ ਸੈਨਾ ਧੜੇ ਦੇ ਵਿਧਾਇਕਾਂ ਨੂੰ ਹਾਲ ਦੀ ਘੜੀ ਅਯੋਗ ਠਹਿਰਾਉਣ ਦੀ ਮੰਗ ਕਰਦੀ ਅਪੀਲ ਉੱਤੇ ਕੋਈ ਕਾਰਵਾਈ ਕਰਨ ਤੋਂ ਰੋਕ ਦਿੱਤਾ ਹੈ।

ਚੀਫ ਜਸਟਿਸ ਐਨ ਵੀ ਰਮੰਨਾ, ਜਸਟਿਸ ਕ੍ਰਿਸ਼ਨਾ ਮੁਰਾਰੀ ਤੇ ਜਸਟਿਸ ਹਿਮਾ ਕੋਹਲੀ ਦੀ ਬੈਂਚ ਨੇ ਇਹ ਹੁਕਮ ਕਪਿਲ ਸਿੱਬਲ ਦੀ ਅਗਵਾਈ ਵਾਲੇ ਸੀਨੀਅਰ ਵਕੀਲਾਂ ਵੱਲੋਂ ਦਾਇਰ ਐਫੀਡੇਵਿਟ ਦਾ ਨੋਟਿਸ ਲੈਣ ਮਗਰੋਂ ਕੀਤੇ ਹਨ। ਐਫੀਡੇਵਿਟਮੁਤਾਬਕ ਊਧਵ ਧੜੇ ਵੱਲੋਂ ਦਾਇਰ ਕਈ ਪਟੀਸ਼ਨਾਂ, ਜਿਨ੍ਹਾਂ ਨੂੰ ਕੱਲ੍ਹ ਸੂਚੀਬੰਧ ਕਰਨਾ ਸੀ, ਨੂੰ ਸੁਣਵਾਈ ਵਿੱਚ ਸ਼ਾਮਲ ਨਹੀਂ ਸੀ ਕੀਤਾ ਗਿਆ। ਸਿੱਬਲ ਨੇ ਦੱਸਿਆ ਕਿ 'ਕੋਰਟ ਨੇ ਕਿਹਾ ਸੀ ਕਿ ਪਟੀਸ਼ਨਾਂ ਨੂੰ 11 ਜਲਾਈ ਲਈ ਸੂਚੀਬੰਧ ਕੀਤਾ ਜਾਵੇ।' ਮੈਂ ਅਪੀਲ ਕਰਦਾ ਹਾਂ ਕਿ ਜਦੋਂ ਤਕ ਇਸ ਮਸਲੇ ਬਾਰੇ ਇੱਥੇ ਫੈਸਲਾ ਨਹੀਂ ਹੋ ਜਾਂਦਾ, ਕਿਸੇ ਨੂੰ ਵੀ ਅਯੋਗ ਨਾ ਠਹਿਰਾਇਆ ਜਾਵੇ।'' ਸਿੱਬਲ ਨੇ ਦਲੀਲ ਦਿੱਤੀ ਕਿ ਬਾਗੀ ਵਿਧਾਇਕਾਂ ਵੱਲੋਂ ਕੀਤੀ ਪਹੁੰਚ ਪਿੱਛੋਂ ਸੁਪਰੀਮਕੋਰਟ ਨੇ ਉਨ੍ਹਾਂ ਨੂੰ ਰਾਹਤ ਦਿੱਤੀ ਸੀ। ਸਿੱਬਲ ਨੇ ਕਿਹਾ, ''ਸਾਡੀ ਅਯੋਗਤਾ ਪਟੀਸ਼ਨ ਸਪੀਕਰ ਕੋਲ ਸੂਚੀਬੱਧ ਹੈ, ਜਦੋਂ ਤਕ ਇਸ ਮਸਲੇ ਬਾਰੇ ਫੈਸਲਾ ਨਹੀਂ ਹੋ ਜਾਂਦਾ, ਕਿਸੇ ਨੂੰ ਅਯੋਗ ਨਾ ਠਹਿਰਾਇਆ ਜਾਵੇ। ਇਨ੍ਹਾਂ ਮਸਲਿਆਂ ਦਾ ਇੱਥੇ ਹੀ ਨਿਬੇੜਾ ਹੋਵੇ।'' ਇਸ ਉੱਤੇ ਬੈਂਚ ਨੇ ਕਿਹਾ, ''ਸ੍ਰੀਮਾਨ (ਤੁਸ਼ਾਰ) ਮਹਿਤਾ (ਸਰਕਾਰ ਵੱਲੋਂ ਪੇਸ਼ ਸਾਲਿਸਟਰ ਜਨਰਲ), ਤੁਸੀਂ ਕਿਰਪਾ ਕਰ ਕੇ ਅਸੈਂਬਲੀ ਸਪੀਕਰ ਨੂੰ ਸੂਚਿਤ ਕਰੋ ਕਿ ਉਹ ਸੁਣਵਾਈ ਨਾ ਕਰੇ। ਵੇਖਦੇ ਹਾਂ, ਅਸੀਂ ਇਸ ਉੱਤੇ ਸੁਣਵਾਈ ਕਰਾਂਗੇ।'' ਸਾਲਿਸਟਰ ਜਨਰਲ ਨੇ ਕਿਹਾ ਕਿ ਉਹ ਅਸੈਂਬਲੀ ਸਪੀਕਰ ਤਕ ਸੁਨੇਹਾ ਪੁੱਜਦਾ ਕਰ ਦੇਣਗੇ।

ਸ਼ਿਵ ਸੈਨਾ ਦੇ ਪਾਰਲੀਮੈਂਟ ਮੈਂਬਰ ਸੰਜੇ ਰਾਊਤ ਨੇ ਕਿਹਾ ਕਿ ਉਨ੍ਹਾਂ ਦੀ ਪਾਰਟੀ ਨੂੰ ਸੁਪਰੀਮ ਕੋਰਟ ਵਿੱਚ ਪੂਰਾ ਯਕੀਨ ਹੈ। ਉਨ੍ਹਾਂ ਕਿਹਾ ਕਿ ਇਹ ਸ਼ਿੰਦੇ ਸਰਕਾਰ ਨੂੰ ਬਚਾਉਣ ਦਾ ਨਹੀਂ, ਜਮਹੂਰੀਅਤ ਬਚਾਉਣ ਦਾ ਸਵਾਲ ਹੈ। ਇਹ 'ਆਜ਼ਾਦ ਤੇ ਨਿਰਪੱਖ ਨਿਆਂ ਪਾਲਿਕਾ ਲਈ ਵੀ ਪ੍ਰੀਖਿਆ ਦੀ ਘੜੀ ਹੈ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਰਾਊਤ ਨੇ ਕਿਹਾ ਕਿ ਮਹਾਰਾਸ਼ਟਰ ਵਿੱਚ ਗੈਰ ਕਾਨੂੰਨੀ ਸਰਕਾਰ ਥੋਪਣ ਅਤੇ ਸਥਾਪਤ ਕਰਨ ਦੀਆਂ ਕੋਸ਼ਿਸ਼ਾਂ ਕੀਤੀਆਂ ਗਈਆਂ। ਇਸ ਕੰਮ ਲਈ ਰਾਜ ਭਵਨ ਤੇ ਸੂਬਾਈ ਵਿਧਾਨ ਸਭਾ ਦੀ ਦੁਰਵਰਤੋਂ ਕੀਤੀ ਗਈ ਹੈ।

# ਸਟੇਟ ਬੈਂਕ ਸਮੇਤ ਪੰਜ ਬੈਂਕਾਂ ਨਾਲ 2150 ਕਰੋੜ ਦੀ ਧੋਖਾਧੜੀ

* ਸੀ ਬੀ ਆਈ ਵੱਲੋਂ 10 ਜਣੇ ਨਾਮਜ਼ਦ, ਤਿੰਨ ਸ਼ਹਿਰਾਂ ਵਿੱਚ ਛਾਪੇਮਾਰੀ

ਨਵੀਂ ਦਿੱਲੀ, 12 ਜੁਲਾਈ (ਪੋਸਟ ਬਿਊਰੋ)- ਬੰਦ ਪਈਆਂ ਵਿਦੇਸ਼ੀ ਕੰਪਨੀਆਂ ਤੋਂ ਵਿਕਰੀ ਦਿਖ਼ਾ ਕੇ ਮੁੰਬਈ ਦੀ ਇੱਕ ਕੰਪਨੀ ਨੇ ਦੇਸ਼ ਦੇ ਪੰਜ ਵੱਡੇ ਬੈਂਕਾਂ ਨੂੰ 2150 ਕਰੋੜ ਰੁਪਏ ਦਾ ਚੂਨਾ ਲਾਇਆ ਹੈ। ਨਿੱਜੀ ਕੰਪਨੀ ਵੱਲੋਂ ਕੀਤੇ ਘੋਟਾਲੇ ਦੇ ਜ਼ਾਹਰ ਹੁੰਦੇ ਸਾਰ ਸੀ ਬੀ ਆਈ ਨੇ ਉਕਤ ਮਾਮਲੇ ਵਿੱਚ ਦੋ ਕੇਸ ਦਰਜ ਕੀਤੇ ਹਨ। ਸੀ ਬੀ ਆਈ ਨੇ ਦੋ ਕੇਸਾਂ ਵਿੱਚ ਕੁੱਲ 10 ਲੋਕਾਂ ਨੂੰ ਨਾਮਜ਼ਦ ਕੀਤਾ ਅਤੇ ਦੋਸ਼ੀਆਂ ਦੀ ਗ੍ਰਿਫਤਾਰੀ ਲਈ ਮੁੰਬਈ, ਅਹਿਮਦਾਬਾਦ ਤੇ ਪੁਣੇ ਵਿੱਚ ਛਾਪੇਮਾਰੀ ਵੀ ਕੀਤੀ।ਸੀ ਬੀ ਆਈ ਨੇ ਪਹਿਲਾ ਕੇਸ ਸਟੇਟ ਬੈਂਕ ਆਫ ਇੰਡੀਆ ਅਤੇ ਚਾਰ ਹੋਰਨਾਂ ਬੈਂਕਾਂ ਦੇ ਕੰਸੋਰਟੀਅਮ ਦੀ ਸ਼ਿਕਾਇਤ ਉੱਤੇ 1438.45 ਕਰੋੜ ਰੁਪਏ ਦੇ ਘੋਟਾਲੇ ਦਾ ਦਰਜ ਕੀਤਾ ਹੈ।

ਇਸ ਕੇਸ ਵਿੱਚ ਸੀ ਬੀ ਆਈ ਨੇ ਉਦੈਦੇਵ ਇੰਟਰਨੈਸ਼ਨਲ ਕੰਪਨੀ ਇਸ ਦੇ ਡਾਇਰੈਕਟਰ ਸੁਮਨ ਵਿਜੈ ਗੁਪਤਾ (ਗਾਰੰਟਰ), ਪ੍ਰਤੀਕ ਵਿਜੈ ਗੁਪਤਾ (ਗਾਰੰਟਰ) ਅਤੇ ਅਣਪਛਾਤੇ ਸਰਕਾਰੀ ਮੁਲਾਜ਼ਮਾਂ ਖਿਲਾਫ ਕੇਸ ਦਰਜ ਕੀਤਾ ਹੈ। ਸੀ ਬੀ ਆਈ ਅਨੁਸਾਰ ਦੋਸ਼ੀਆਂ ਨੇ ਫੰਡ ਨੂੰ ਡਾਇਵਰਟ ਕਰਨ, ਬੰਦ ਪਈਆਂ ਵਿਦੇਸ਼ੀ ਕੰਪਨੀਆਂ ਨੂੰ ਆਪਣੀ ਵਿਕਰੀ ਦਿਖਾ ਕੇ ਅਤੇ ਕੰਪਨੀ ਦੇ ਖਾਤਿਆਂ ਦੀ ਹੇਰਾ ਫੇਰੀ ਕਰ ਕੇ ਬੈਂਕਾਂ ਨੂੰ 1438.45 ਕਰੋੜ ਰੁਪਏ ਨੁਕਸਾਨ ਕੀਤਾ ਹੈ।ਦੋਸ਼ੀਆਂ ਨੇ ਹੋਰਨਾਂ ਕੰਪਨੀਆਂ ਨੂੰ ਐਡਵਾਂਸ ਦੇ ਕੇ ਬੈਂਕ ਦੇ ਫੰਡ ਦੀ ਦੁਰਵਰਤੋਂ ਵੀ ਕੀਤੀ। ਇਹ ਐਡਵਾਂਸ ਉਨ੍ਹਾਂ ਕੰਪਨੀਆਂ ਨੂੰ ਦਿੱਤਾ ਗਿਆ, ਜਿਨ੍ਹਾਂ ਨੇ ਪਿਛਲੇ ਦੋ ਸਾਲਾਂ ਦੌਰਾਨ ਕੋਈ ਕੰਮ ਹੀ ਨਹੀਂ ਕੀਤਾ ਇਹ ਸਭ ਨਿਯਮ ਤੇ ਸ਼ਰਤਾਂ ਨੂੰ ਉਲੰਘ ਕੇ ਕੀਤਾ ਗਿਆ। ਬੈਂਕ ਨੇ ਫੋਰੈਂਸਿਕ ਆਡਿਟ ਕਰਵਾਇਆ ਤਾਂ ਧੋਖਾਧੜੀ ਦਾ ਭੇਦ ਖੁੱਲ੍ਹਾ। ਇਸ ਬਾਰੇ ਸੀ ਬੀ ਆਈ ਨੇ ਪੁਣੇ ਅਤੇ ਮੁੰਬਈ ਵਿੱਚ 10 ਥਾਵਾਂ ਉੱਤੇ ਛਾਪੇਮਾਰੀ ਕੀਤੀ। ਜਿਸ ਵਿੱਚ ਸੀ ਬੀ ਆਈ ਨੂੰ ਕੁਝ ਅਹਿਮ ਦਸਤਾਵੇਜ਼ ਹੱਥ ਲੱਗੇ ਹਨ।


GOLD CREW ENTERTAINMENT PROUDLY
PRESENTS
BLUE ROSE
REALTY INC. BROKERAGE
RAJVIR JAWANDA
MANPREET TOOR
Rang Punjab de
ਰੰਗ ਪੰਜਾਬ ਦੇ
SCAN HERE
WWW.TICKETMASTER.CA
SATURDAY, JULY 16TH
PARAMOUNT FINE FOODS CENTRE
(5500 ROSE CHERRY PL, MISSISSAUGA, ON, L4Z 4B6)
BALWINDER THIND: 647.273.2025 | GARRY THIND: 416.829.9860
LIVE IN
TORONTO
HOSTED BY MANPREET TOOR
GOLD SPONSORS
JMD EXPRESS
UNITED PETROLEUM TRANSPORT
SKYDOME GROUP OF COMPANIES
SILVER SPONSORS
AIRPRO Mechanical
BVD Group
GULFLINE GROUP LTD
Infinity HVAC Ltd.
mpi print & packaging
WAVE FREIGHT SYSTEMS LTD.
CIC
Ameri-Can SYSTEMS
BRONZE SPONSORS
NEW GEN
Insurance Bazaar
VISIONCRAFTERS
AUTOBAHN
ROYAL CANADIAN PLUMBING INC
JET IMMIGRATION
Capital Hands
ID MEDIA
EMERALD
DIAMOND HOME RENOVATION
TRUSTED TRUCK SALES
Charger Truck Sales
Best Bargain
DALJIT SINGH | KULDEEP JOSAN | DALJEET VIRK | RAMAN THIND | BRINDERPAL THIND




# ਅਦਾਲਤੀ ਮਾਣਹਾਨੀ ਕੇਸ ਵਿਚ ਵਿਜੇ ਮਾਲਿਆ ਨੂੰ ਹੋਈ ਚਾਰ ਮਹੀਨੇ ਕੈਦ ਦੀ ਸਜ਼ਾ

ਨਵੀਂ ਦਿੱਲੀ, 12 ਜੁਲਾਈ (ਪੋਸਟ ਬਿਊਰੋ)- ਸੁਪਰੀਮ ਕੋਰਟ ਨੇ ਭਗੌੜੇ ਕਾਰੋਬਾਰੀ ਵਿਜੈ ਮਾਲਿਆ ਨੂੰ ਅਦਾਲਤ ਦੀ ਮਾਣਹਾਨੀ ਦੇ ਕੇਸ ਵਿੱਚ ਚਾਰ ਮਹੀਨੇ ਜੇਲ੍ਹ ਦੀ ਸਜ਼ਾ ਸੁਣਾਈ ਅਤੇ ਦੋ ਹਜ਼ਾਰ ਰੁਪਏ ਜੁਰਮਾਨਾ ਕੀਤਾ ਹੈ।

ਜਸਟਿਸ ਯੂ ਯੂ ਲਲਿਤ ਦੀ ਅਗਵਾਈ ਹੇਠਲੇ ਬੈਂਚ ਨੇ ਬੈਂਚ ਨੇ ਕਿਹਾ ਕਿ ਕਾਨੂੰਨ ਦਾ ਸ਼ਾਸਨ ਬਣਾਈ ਰੱਖਣ ਲਈ ਮਾਣਹਾਨੀ ਕਰਨ ਵਾਲੇ ਨੂੰ ਢੁੱਕਵੀਂ ਸਜ਼ਾ ਦੇਣੀ ਜ਼ਰੂਰੀ ਹੈ। ਵਿਜੇ ਮਾਲਿਆ ਉੱਤੇ ਬੈਂਕਾਂ ਨਾਲ ਨੌਂ ਹਜ਼ਾਰ ਕਰੋੜ ਰੁਪਏ ਦੀ ਠੱਗੀ ਦਾ ਦੋਸ਼ ਹੈ ਤੇ ਉਹ ਇਸ ਸਮੇਂ ਇੰਗਲੈਂਡ ਵਿੱਚ ਹੈ। ਉਸ ਨੂੰ ਭਾਰਤ ਹਵਾਲੇ ਕਰਨ ਦਾ ਕੇਸ ਚੱਲ ਰਿਹਾ ਹੈ ਤੇ ਉਹ 18 ਅਪ੍ਰੈਲ 2017 ਤੋਂ ਜ਼ਮਾਨਤ ਉੱਤੇ ਹੈ। ਬੈਂਚ ਨੇ ਕਿਹਾ, ''ਰਿਕਾਰਡ ਵਿੱਚ ਦਰਜ ਤੱਥਾਂ ਤੇ ਹਾਲਾਤ ਉੱਤੇ ਵਿਚਾਰ ਕਰਨ ਤੋਂ ਪਤਾ ਲੱਗਦਾ ਹੈ ਕਿ ਮਾਣਹਾਨੀ ਕਰਨ ਵਾਲੇ ਨੂੰ ਆਪਣੇ ਕੀਤੇ ਉੱਤੇ ਨਾ ਕੋਈ ਪਛਤਾਵਾ ਹੈ ਅਤੇ ਨਾ ਉਸ ਨੇ ਆਪਣੇ ਵਿਹਾਰ ਦੀ ਕੋਈ ਮੁਆਫੀ ਮੰਗੀ ਹੈ। ਅਸੀਂ ਉਸ ਨੂੰ ਚਾਰ ਮਹੀਨੇ ਦੀ ਸਜ਼ਾ ਸੁਣਾਉਂਦੇ ਅਤੇ ਦੋ ਹਜਾਰ ਰੁਪਏ ਦਾ ਜੁਰਮਾਨਾ ਕਰਦੇ ਹਾਂ।'' ਸੁਪਰੀਮ ਕੋਰਟ ਨੇ ਵਿਜੇ ਮਾਲਿਆ ਵੱਲੋਂ ਮਈ 2017 ਦੇ ਫੈਸਲੇ ਉੱਤੇ ਨਜ਼ਰਸਾਨੀ ਕਰਨ ਦੀ ਮੰਗ ਵਾਲੀਅਰਜ਼ੀ 2020 ਵਿੱਚ ਰੱਦ ਕਰ ਦਿੱਤੀ ਸੀ। ਮਾਲਿਆ ਆਪਣੇ ਬੱਚਿਆਂ ਨੂੰ ਚਾਰ ਕਰੋੜ ਡਾਲਰ ਭੇਜਣ ਲਈ ਅਦਾਲਤੀ ਹੁਕਮਾਂ ਦੀ ਉਲੰਘਣਾ ਦਾ ਦੋਸ਼ੀ ਹੈ।

ਅਦਲਾਤ ਨੇ ਕੱਲ੍ਹ ਫੈਸਲਾ ਸੁਣਾਉਂਦਿਆਂ ਕਿਹਾ ਕਿ ਮਾਣਹਾਨੀ ਕਰਨ ਅਤੇ ਰਕਮ ਹਾਸਲ ਕਰਨ ਵਾਲੇ ਅੱਠ ਫੀਸਦੀ ਵਿਆਜ ਸਹਿਤ ਪੂਰੀ ਰਕਮ ਚਾਰ ਹਫਤਿਆਂ ਅੰਦਰ ਸਬੰਧਤ ਰਿਕਵਰੀ ਅਫਸਰ ਕੋਲ ਜਮ੍ਹਾਂ ਕਰਾਉਣ। ਜੇ ਉਹ ਰਕਮ ਜਮ੍ਹਾਂ ਕਰਾਉਣ ਵਿੱਚ ਨਾਕਾਮ ਰਹਿਣ ਤਾਂ ਰਿਕਵਰੀ ਅਫਸਰ ਢੁੱਕਵੀਂ ਕਾਰਵਾਈ ਕਰ ਸਕਦਾ ਹੈ ਅਤੇ ਭਾਰਤ ਸਰਕਾਰ ਤੇ ਸਬੰਧਤ ਏਜੰਸੀਆਂ ਇਸ ਵਿੱਚ ਪੂਰਾ ਸਹਿਯੋਗ ਦੇਣ। ਬੈਂਚ ਨੇ ਕਿਹਾ ਕਿ ਮਾਲਿਆ ਉੱਤੇ ਲਾਇਆ ਦੋ ਹਜ਼ਾਰ ਰੁਪਏ ਦਾ ਜੁਰਮਾਨਾ ਵੀ ਚਾਰ ਹਫਤਿਆਂ ਦੇ ਅੰਦਰ ਸੁਪਰੀਮ ਕੋਰਟ ਦੀ ਰਜਿਸਟਰੀ ਵਿੱਚ ਜਮ੍ਹਾਂ ਕਰਵਾਇਆ ਜਾਵੇ ਅਤੇ ਫਿਰ ਇਹ ਰਕਮ ਸੁਪਰੀਮ ਕੋਰਟ ਲੀਗਲ ਸਰਵਿਸਿਜ਼ ਕਮੇਟੀ ਹਵਾਲੇ ਕੀਤੀ ਜਾਵੇ। ਉਨ੍ਹਾਂ ਕਿਹਾ ਕਿ ਜੇ ਤੈਅ ਸਮੇਂ ਵਿੱਚ ਜੁਰਮਾਨੇ ਦੀ ਰਕਮ ਜਮ੍ਹਾਂ ਨਹੀਂ ਕਰਵਾਈ ਜਾਂਦੀ ਤਾਂ ਮਾਲਿਆ ਦੀ ਸਜ਼ਾ ਦੋ ਮਹੀਨੇ ਹੋਰ ਵਧਾ ਦਿੱਤੀ ਜਾਵੇਗੀ।

